ਮਾਸਕ ਪੱਤਰ

ੴ


ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ ॥

MAR 1993



ਮਾਰਚ ੧੯੯੩

www.AKJ.Org

# ਤਤਕਰਾ


| | | |
|---|---|---|
| ਰਾਮ ਰੰਗੁ ਕਦੇ ਉਤਰਿ ਨ ਜਾਇ | ੩ | ਗਉੜੀ ਮਹਲਾ ੫ |
| ,, ,, —ਅਰਥ ਵਿਆਖਿਆ | ੪ | — — — |
| ਨਾਮ ਦੀ ਮਹਿਮਾ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਚੜ੍ਹਦੀ ਕਲਾ ਦਾ ਪ੍ਰਤੀਕ—ਹੋਲਾ ਮਹੱਲਾ | ੧੦ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਧੰਨੈ ਸੇਵਿਆ ਬਾਲ ਬੁਧਿ | ੧੩ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਸਤਿਗੁਰੂ ਤੋਂ ਘੁੱਥੇ | ੧੮ | ਪ੍ਰੋਫੈਸਰ ਹਰਬਸ ਸਿੰਘ ਜੀ |
| ਗੁਰ ਬਿਨੁ ਘੋਰੁ ਅੰਧਾਰੁ | ੨੩ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਵਿਰੋਧ ਨਹੀਂ—ਇਹ ਪੂਰਕ ਹੈ | ੨੭ | ਪ੍ਰਿੰਸੀਪਲ ਸੱਜਣ ਸਿੰਘ ਜੀ |
| 'ਨਾਨਕ ਉਤਮੁ ਨੀਚੁ ਨ ਕੋਇ' | ੩੨ | ਸ: ਮਦਨ ਸਿੰਘ ਜੀ |
| ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਵਿਚ | ੩੬ | ਪ੍ਰੋਫੈਸਰ ਸਾਹਿਬ ਸਿੰਘ ਜੀ ਡੀ.ਲਿਟ. |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੧੮) | ੩੭ | — — — — |
| ਭੂਰਿਆਂ ਵਾਲੇ ਰਾਜੇ ਕੀਤੇ (੩੪) | ੪੧ | ਕੈਪਟਨ ਸਵਰਨ ਸਿੰਘ ਜੀ |
| ਬੀਤ੍ਰਾ ਸਿੱਖ ਬੱਦਾ | ੪੬ | ਭਾਈ ਪਰਮਜੀਤ ਸਿੰਘ ਜੀ |
| ਸਫਲ ਸੇਵਾ ਭਾਈ ਕਨੱਈਆ ਜੀ (ਕਵਿਤਾ) | ੪੭ | ਗਿਆਨੀ ਗੋਪਾਲ ਸਿੰਘ ਮਿਤਰ |
| ਦੂਜਿਆਂ ਦੀਆਂ ਨਜ਼ਰਾਂ ਵਿਚ ਖਾਲਸਾ (੪) ਕਵਿਤਾ | ੪੮ | ਸ: ਅਤਰ ਸਿੰਘ ਨੀਰ |
| ਤੇਹਾ ਹੀ ਦਾਸਰਾ ਹਾਂ ,, | ੪੯ | ਸ: ਸੁਰਜੀਤ ਸਿੰਘ ਸਾਜਨ |
| ਰੁਬਾਈਆਂ ,, | ੪੯ | ਸ: ਤੇਗ ਬਹਾਦਰ ਸਿੰਘ ਤੇਗ |


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ | ੨੦ ਮਾਰਚ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੨੪ ਮਾਰਚ |
| ਸ੍ਰੀ ਗੁਰੂ ਅੰਗਦ ਸਾਹਿਬ ਜੋਤੀ ਜੋਤਿ | ੨੭ ਮਾਰਚ | ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤਿ | ੨੮ ਮਾਰਚ |
| | ਹੋਲਾ ਮਹੱਲਾ | ੯ ਮਾਰਚ | |

---

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ— ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਕਪੂਰਥਲਾ—ਭਾਈ ਚਰਨਪਾਲ ਸਿੰਘ, 799-ੲ, ਆਰ.ਸੀ.ਐਫ.
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ. ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ— ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ —ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ੲ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ —(ੳ) ਰੋਹੀੜਾ-ਘਨੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭ ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੮. ਸਾਰੇ ਸਮਾਗਮਾਂ ਸਮੇਂ —ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੯. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੧੦. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੧. ਅੰਮ੍ਰਿਤਸਰ— ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520
ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੩-੯੩ ਨੂੰ ਪ੍ਰਕਾਸ਼ਤ ਕੀਤਾ



www.AKJ.Org

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

**ਅਮਾਨਤੀ**

**ਲਾਈਫ ਮੈਂਬਰ**

| | |
|---|---|
| ਦੇਸ | ੨੫੦-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੭ ਮਾਰਚ ੧੯੯੩ ਅੰਕ ੩

## ਰਾਮ ਰੰਗੁ ਕਦੇ ਉਤਰਿ ਨ ਜਾਇ

ਰਾਮ ਰੰਗੁ ਕਦੇ ਉਤਰਿ ਨ ਜਾਇ ॥
ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥
ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥
ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ਰਹਾਉ॥
ਸੰਤਹ ਸੰਗਿ ਬੈਸਿ ਗੁਨ ਗਾਇ ॥
ਤਾ ਕਾ ਰੰਗੁ ਨ ਉਤਰੈ ਜਾਇ ॥੨॥
ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥
ਆਨ ਰੰਗ ਫੀਕੇ ਸਭ ਮਾਇਆ ॥੩॥
ਗੁਰਿ ਰੰਗੇ ਸੇ ਭਏ ਨਿਹਾਲ ॥
ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥

[ਗਉੜੀ ਮਹਲਾ ੫, ਪੰਨਾ ੧੯੪



www.AKJ.Org

# ਸ਼ਬਦ ਦੀ ਅਰਥ-ਵਿਆਖਿਆ

**ਪਦ ਅਰਥ** : ਰਾਮ ਰੰਗੁ–ਰਾਮ ਨਾਮ-ਸਿਮਰਨ ਦਾ ਰੰਗ । ਦੇਇ ਬੁਝਾਇ–(ਗੁਰ ਦੀਖਿਅਤ ਕਰ ਕੇ) ਬੁਝਾ ਦੇਵੇ, ਸੋਝੀ ਦੇ ਦੇਵੇ ।੧।

ਹਰਿ ਰੰਗਿ–ਹਰੀ ਨਾਮ-ਸਿਮਰਨ ਦੇ ਰੰਗ ਵਿਚ । ਸਾਚਾ–ਸਦਾ ਸਥਿਰ, ਸਦਾ ਕਾਇਮ ਰਹਿਣ ਵਾਲਾ । ਲਾਲ ਰੰਗ–ਗੂੜ੍ਹੇ ਲਾਲ ਰੰਗ ਵਾਲਾ । ਪੂਰਨ ਪੁਰਖੁ ਬਿਧਾਤਾ– ਪੂਰਨ ਵਿਆਪਕ ਹੋ ਰਹੇ ਕਰਤਾਰ ਦਾ ਰੂਪ । ਬਿਧਾਤਾ–ਰਚਣ ਵਾਲਾ, ਕਰਤਾਰ ।੧।ਰਹਾਉ।

ਸੰਤਹ ਸੰਗਿ–ਸਤ ਪੁਰਖਾਂ ਦੇ ਸੰਗ ਵਿਚ, ਸਤ ਸੰਗਤ ਵਿਚ । ਬੈਸਿ–ਬੈਠ ਕੇ ।੨।

ਆਨ ਰੰਗ– ਹੋਰ ਹੋਰ ਰੰਗ । ਫੀਕੇ–ਫਿਕੇ, ਕੱਚੇ, ਬਿਨਸ ਜਾਣ ਵਾਲੇ ।੩।

ਗੁਰਿ ਰੰਗੇ–ਗੁਰੂ ਨੇ ਨਾਮ-ਰੰਗ ਵਿਚ ਰੰਗੇ ਹਨ । ਸੇ–ਉਹ (ਵਡਭਾਗੀ ਮਨੁਖ) । ਭਏ ਨਿਹਾਲ–ਅਨੰਦੋ ਅਨੰਦ । ਗੁਰ ਭਏ ਹੈ- (ਭਏ ਹੈਂ) ਸਤਿਗੁਰੂ ਜੀ ਹੋ ਗਏ ਹਨ । ਦਇਆਲ–ਮਿਹਰਵਾਨ ।

**ਅਰਥ** : ਪੂਰਾ ਸਤਿਗੁਰੂ ਜਿਸ ਆਗਿਆਕਾਰੀ ਸਿਖ ਨੂੰ (ਗੁਰ-ਦੀਖਿਅਤ ਕਰ ਕੇ) ਸੋਝੀ ਦੇ ਦੇਂਦਾ ਹੈ, ਉਸ ਦਾ (ਮਨ 'ਤੇ ਰਾਮ ਨਾਮ-ਸਿਮਰਨ ਦਾ ਚੜ੍ਹਿਆ) ਰੰਗ ਕਦੇ ਉਤਰਦਾ ਨਹੀਂ, ਨਾ ਹੀ ਨਾਸ ਹੁੰਦਾ ਹੈ ।੧।

ਜਿਹੜਾ ਮਨ ਹਰਿ ਨਾਮ ਸਿਮਰਨ ਦੇ ਰੰਗ ਵਿਚ ਰੰਗਿਆ ਗਿਆ ਹੈ, ਉਹੀ ਮਨ ਸਹੀ ਅਰਥਾਂ ਵਿਚ ਸਦਾ ਕਾਇਮ ਰਹਿਣ ਵਾਲੇ ਰੰਗ ਵਾਲਾ ਹੁੰਦਾ ਹੈ । ਨਾਮ ਦੇ ਗੂੜ੍ਹੇ ਲਾਲ ਰੰਗ ਵਾਲਾ (ਅਨਿੰਨ ਸੇਵਕ) ਪੂਰਨ ਵਿਆਪਕ ਹੋ ਰਹੇ ਰਚਣਹਾਰ ਕਰਤਾਰ ਦਾ ਰੂਪ ਹੋ ਜਾਂਦਾ ਹੈ ।੧।ਰਹਾਉ।

(ਜਿਹੜਾ ਗੁਰੂ ਦੇ ਸਨਮੁਖ ਰਹਿਣ ਵਾਲਾ ਗੁਰਸਿਖ) ਸਾਧੂ-ਸੰਤਾਂ ਦੀ ਸੰਗਤ ਵਿਚ ਬੈਠ ਕੇ ਵਾਹਿਗੁਰੂ ਦੇ ਗੁਣ ਗਾਉਂਦਾ ਹੈ, ਉਸ ਦਾ (ਮਨ 'ਤੇ ਨਾਮ-ਸਿਮਰਨ ਦਾ ਚੜ੍ਹਿਆ) ਰੰਗ ਨਾ ਹੀ ਉਤਰਦਾ ਹੈ ਨਾ ਹੀ ਬਿਨਸਦਾ ਹੈ ।੨। ਵਾਹਿਗੁਰੂ-ਨਾਮ ਦੇ ਸਿਮਰਨ ਤੋਂ ਬਿਨਾ ਸੱਚਾ ਆਤਮਕ ਸੁਖ (ਕਿਸੇ ਨੇ ਕਦੇ ਵੀ) ਨਹੀਂ ਪਾ ਸਕਿਆ, ਕਿਉਂਕਿ ਮਾਇਆ ਦੇ ਹੋਰ ਜਿਤਨੇ ਵੀ, ਅਨਿਕ ਪ੍ਰਕਾਰੀ ਰੰਗ-ਰਸ ਹਨ, ਉਹ ਸਾਰੇ ਦੇ ਸਾਰੇ ਨਾਸ ਹੋ ਜਾਣ ਵਾਲੇ ਹਨ ।੩। ਨਾਨਕ ਦਾ ਕਥਨ ਹੈ ਕਿ (ਜਿਨ੍ਹਾਂ ਗੁਰਸਿੱਖਾਂ 'ਤੇ) ਸਤਿਗੁਰੂ ਜੀ ਮਿਹਰਵਾਨ ਹੋਏ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਨੇ ਗੁਰ-ਦੀਖਿਅਤ ਕਰ ਕੇ (ਉਨ੍ਹਾਂ ਦੇ ਮਨ ਨਾਮ-ਸਿਮਰਨ ਦੇ ਰੰਗ ਵਿਚ) ਰੰਗ ਦਿਤੇ ਹਨ (ਅਤੇ ਉਸ ਆਤਮਕ ਰੰਗ ਦੇ ਤੁਫ਼ੈਲ) ਉਹ ਅਨੰਦੋ ਅਨੰਦ ਹੋ ਗਏ ਹਨ ॥੪॥੭੨॥੧੪੧॥

**ਵਿਆਖਿਆ–**

ਇਸ ਸ਼ਬਦ ਵਿਚ ਪੰਜਵੀਂ ਜੋਤਿ ਗੁਰੂ ਨਾਨਕ ਨੇ ਇਹ ਤੱਥ ਉਜਾਗਰ ਕੀਤਾ ਹੈ ਕਿ ਸਤਿਗੁਰੂ ਜੀ ਜਿਸ ਤੇ ਮਿਹਰਵਾਨ ਹੁੰਦੇ ਹਨ, ਉਸ ਨੂੰ ਨਾਮ-ਗੁਰ-ਮੰਤਰ ਦੀ ਦਾਤਿ ਬਖ਼ਸ਼ ਕੇ, ਉਸ ਨੂੰ ਨਾਮ-ਸਿਮਰਨ ਦੀ ਸੋਝੀ ਬਖਸ਼ ਕੇ, ਉਸ ਨੂੰ ਨਾਮ-ਸਿਮਰਨ ਨਾਲ ਜੋੜ ਕੇ, ਉਸ ਦਾ ਤਨ ਮਨ ਰੰਗ ਦਿੰਦੇ ਹਨ ਅਤੇ ਨਿਹਾਲੋ ਨਿਹਾਲ ਕਰ ਦਿੰਦੇ ਹਨ । ਪਰ ਇਸ ਨਾਮ-ਰੰਗ ਦੀ ਪ੍ਰਾਪਤੀ ਲਈ ਆਪਣਾ ਤਨ ਮਨ ਧਨ ਸਭ ਕੁਝ ਸਤਿਗੁਰੂ ਜੀ ਨੂੰ ਅਰਪਣ ਕਰ ਕੇ, ਉਸ ਦੀ ਆਗਿਆ ਵਿਚ ਉਸ ਦੇ ਹੋ ਕੇ, ਸੇਵ ਕਮਾ ਕੇ ਹੀ ਇਹ ਬਖ਼ਸ਼ਸ਼ ਪਾਈਦੀ ਹੈ, ਗੁਰ-ਫ਼ੁਰਮਾਨ ਹੈ–

ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੯॥ (ਅਨੰਦੁ ਸਾਹਿਬ)

ਅਜਿਹਾ ਕਰਨ ਤੇ ਹੀ ਨਾਮ ਰੰਗ-ਰਤੇ ਸਤਿਗੁਰੂ ਜੀ ਤਰੁੱਠਦੇ ਹਨ ਅਤੇ–

ਸਜਣੁ ਮੈਡਾ ਰੰਗੁਲਾ, ਰੰਗ ਲਾਏ ਮਨੁ ਲੇਇ ॥
ਜਿਉ ਮਾਜੀਠੇ ਕਪੜੇ, ਰੰਗੇ ਭੀ ਪਾਹੇਹਿ ॥
ਨਾਨਕ ਰੰਗੁ ਨ ਉਤਰੈ, ਬਿਆ ਨ ਲਗੈ ਕੇਹ ॥੨॥੫॥ (ਪੰਨਾ ੬੪੪)

ਤਨ ਮਨ ਸਤਿਗੁਰੂ ਜੀ ਦੇ ਹਵਾਲੇ ਕੀਤਿਆਂ ਸਤਿਗੁਰੂ ਦਇਆਲ ਹੋ ਕੇ ਗੁਰਸਿਖ ਨੂੰ ਇਹ ਨਾਮ-ਰੰਗ


www.AKJ.Org

ਬਖਸ਼ਦੇ ਹਨ । ਜਿਨ੍ਹਾਂ ਨੇ ਆਪਣਾ ਮਨ ਇਧਰ ਉਧਰ ਭਟਕਾਣ ਦੀ ਥਾਂ ਸਤਿਗੁਰੂ ਦੇ ਚਰਨਾਂ ਵਿਚ ਜੋੜ ਦਿਤਾ ਹੈ, ਉਨ੍ਹਾਂ ਨੂੰ ਨਾਮ ਦੀ ਪਾਹ ਲਾ ਕੇ ਸਤਿਗੁਰੂ ਜੀ ਐਸਾ ਗੂੜ੍ਹਾ ਮਜੀਠੀ ਲਾਲ ਰੰਗ ਬਖਸ਼ਦੇ ਹਨ ਕਿ ਫਿਰ ਉਹ ਰੰਗ ਕਦੇ ਉਤਰਦਾ ਨਹੀਂ । ਜਿਹੜੇ ਗੁਰੂ ਕੇ ਲਾਲ ਨਾਮ-ਰੰਗ ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਨੂੰ ਮਾਇਆ ਦੇ ਅਨਿਕ ਪ੍ਰਕਾਰੀ ਰੰਗ ਪੋਹ ਨਹੀਂ ਸਕਦੇ, ਨਾਮ-ਰੰਗ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਦਾ ਕੋਈ ਰੰਗ ਉਨ੍ਹਾਂ ਦੇ ਮਨ ਤੇ ਚੜ੍ਹ ਨਹੀਂ ਸਕਦਾ । ਉਨ੍ਹਾਂ ਨੂੰ ਸਤਿਗੁਰੂ ਦੇ ਬਖ਼ਸ਼ੇ ਨਾਮ-ਰੰਗ ਦੁਆਰਾ ਇਹ ਸੋਝੀ ਹੋ ਆਉਂਦੀ ਹੈ ਕਿ ਮਾਇਆਵੀ ਪਦਾਰਥਾਂ ਅਤੇ ਸਾਕਾਂ ਸੰਬੰਧੀਆਂ ਦੇ ਮੋਹ ਸਭ ਝੂਠੇ ਹਨ, ਇਨ੍ਹਾਂ ਵਿਚੋਂ ਕੋਈ ਵੀ ਸਾਥ ਨਿਭਣ ਵਾਲਾ ਨਹੀਂ । ਉਹ ਜਾਣ ਜਾਂਦੇ ਹਨ ਕਿ ਇਕ ਨਾਮ ਰੰਗ ਹੀ ਅਤਿ ਗੂੜ੍ਹਾ ਪੱਕੇ ਰੰਗ ਵਾਲਾ ਸਾਥ ਨਿਭਣ ਵਾਲਾ ਹੈ, ਨਾਮ ਤੋਂ ਬਿਨਾਂ ਹੋਰ ਸਭ ਕੁਝ ਮੈਲਾ ਤੇ ਅਪਵਿਤਰ ਹੈ, ਜੈਸਾ ਕਿ ਗੁਰ-ਫੁਰਮਾਨ ਹੈ—

ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ ॥
ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰ ਖਿਆਲੁ ॥੩॥੧੦॥ (ਪੰਨਾ ੧੦੯੭)

ਸਤਿਗੁਰੂ ਜੀ ਦੀ ਆਗਿਆ ਵਿਚ, ਸਤਿਗੁਰੂ ਦੀ ਭੈ-ਭਾਵਨੀ ਵਿਚ ਰਹਿਆਂ, ਕੇਵਲ ਸੱਚੇ ਸਤਿਗੁਰੂ ਦੁਆਰਾ ਹੀ ਇਸ ਨਾਮ-ਰੰਗਣ ਦੀ ਲਾਗ ਲਗਦੀ ਹੈ ਅਤੇ ਫਿਰ ਸਤਿਗੁਰੂ ਜੀ ਮਿਹਰ ਕਰ ਕੇ ਨਾਮ-ਗੁਣ ਗਾਉਣ ਲਈ ਸਤਸੰਗਤ ਨਾਲ ਮੇਲਦੇ ਹਨ, ਪਰ ਇਹ ਨਾਮ-ਰੰਗ-ਰਤੀ ਸਤਸੰਗਤ ਗੁਰੂ ਦੇ ਸਨਮੁਖ ਹੋ ਕੇ ਹੀ ਜੁੜਦੀ ਹੈ, ਐਵੇਂ ਨਹੀਂ । ਸਤਿਗੁਰੂ ਜੀ ਸਪੱਸ਼ਟ ਕਰਦੇ ਹਨ—

ਬਿਨੁ ਗੁਰ ਕੋਇ ਨ ਰੰਗੀਐ, ਗੁਰਿ ਮਿਲਿਐ ਰੰਗੁ ਚੜਾਉ ॥
ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥੩॥
ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥
ਬਿਨੁ ਭੈ ਕਰਮ ਕਮਾਵਣੇ, ਝੂਠੇ ਠਾਉ ਨ ਕੋਇ ॥੪॥
ਜਿਸ ਨੋ ਆਪੇ ਰੰਗੇ ਸੋ ਰਪਸੀ ਸਤਸੰਗਤਿ ਮਿਲਾਇ ॥
ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ ॥੫॥੩੧॥ (ਪੰਨਾ ੪੨੬)

ਸਤਿਗੁਰੂ ਜੀ ਭੈ-ਭਾਵਨੀ ਵਿਚ ਰਹਿਣ ਵਾਲੇ ਗੁਰਸਿੱਖਾਂ ਤੇ ਮਿਹਰਵਾਨ ਹੋ ਕੇ, ਉਨ੍ਹਾਂ ਨੂੰ ਨਾਮ-ਸਿਮਰਨ ਦੀ ਦਾਤਿ ਬਖਸ਼ਦੇ ਹਨ । ਇਹ ਦਾਤਿ ਪ੍ਰਾਪਤ ਕਰ ਕੇ ਜਿਹੜੇ ਗੁਰਸਿਖ ਸੁਆਸ ਸੁਆਸ ਸਿਮਰਨ ਕਰਦੇ ਹੋਏ ਉਸ ਨੂੰ ਮਨ ਵਿਚ ਵਸਾ ਲੈਂਦੇ ਹਨ, ਸਤਿਗੁਰੂ ਉਨ੍ਹਾਂ ਨੂੰ ਨਿਹਾਲ ਕਰ ਦਿੰਦੇ ਹਨ । ਗੁਰ ਹੁਕਮ ਹੈ—

ਅੰਤਰਿ ਰਾਮ ਰਾਇ ਪ੍ਰਗਟੇ ਆਇ ॥ ਗੁਰਿ ਪੂਰੈ ਦੀਓ ਰੰਗੁ ਲਾਇ ॥੧॥ਰਹਾਉ॥...
ਚੀਤਿ ਆਵੈ ਤਾਂ ਰੰਗਿ ਗੁਲਾਲ ॥ ਚੀਤਿ ਆਵੈ ਤਾਂ ਸਦਾ ਨਿਹਾਲ ॥੨॥੨੧॥ (ਪੰਨਾ ੧੧੪੧)

ਅਸੀਂ ਇਸ ਮਹੀਨੇ ਵਿਚ ਹੋਲੇ ਮਹੱਲੇ ਦੇ ਰੰਗ ਮਾਣ ਰਹੇ ਹਾਂ । ਦੁਨੀਆ ਵਾਂਗ ਲਾਲ ਗੁਲਾਲ ਉਡਾ ਕੇ ਖਰਮਸਤੀਆਂ ਕਰਦਿਆਂ ਗੁਰਸਿੱਖਾਂ ਨੇ ਇਹ ਤਿਉਹਾਰ ਨਹੀਂ ਮਨਾਣਾ, ਸਗੋਂ—

ਲਾਲੁ ਗੁਲਾਲੁ ਗਹਬਰਾ, ਸਚਾ ਰੰਗੁ ਚੜਾਉ ॥੧॥੧੨॥ (ਪੰਨਾ ੧੮)

ਅਤੇ—ਮਨੁ ਰੰਗਹੁ ਵਡਭਾਗੀਹੋ, ਗੁਰੁ ਤੁਠਾ ਕਰੇ ਪਸਾਉ ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ, ਹਉ ਸਤਿਗੁਰ ਕੈ ਬਲਿ ਜਾਉ ॥੨॥੬੭॥ (ਪੰਨਾ ੪੦)

ਤਾਂ ਤੇ ਅਸੀਂ ਆਪਣੇ ਮਨ ਗੁਰੂ-ਚਰਨਾਂ ਵਿਚ ਜੋੜ ਕੇ ਇਉਂ ਕੀਰਤਨ ਕਰੀਏ ਅਤੇ ਆਖੀਏ—

ਏ ਮਨ ਰੂੜੇ ਰੰਗੁਲੇ, ਤੂੰ ਸਚਾ ਰੰਗੁ ਚੜਾਇ ॥
ਰੂੜੀ ਬਾਣੀ ਜੇ ਰਪੈ, ਨਾ ਇਹੁ ਰੰਗੁ ਲਹੈ ਨ ਜਾਇ ॥੧॥ਰਹਾਉ॥੩੧॥ (ਪੰਨਾ ੪੨੬)

ਇਸ ਗੁਰ-ਵਖਾਣੀ ਸੁੰਦਰ ਅੰਮ੍ਰਿਤ-ਬਾਣੀ ਦੇ ਅਲੌਕਿਕ ਰੰਗ ਵਿਚ ਰੰਗੀਜਿਆਂ ਹੀ ਨਾਮ-ਰੰਗ ਦੀ ਪਾਹ ਲਗਦੀ ਹੈ ਅਤੇ ਫਿਰ ਨਾਮ-ਰੰਗ ਕਦੇ ਉਤਰਦਾ ਨਹੀਂ, ਸਗੋਂ 'ਦਿਨ ਦਿਨ ਚੜ੍ਹੇ ਸਵਾਇਆ' ਹੋ ਪੁੰਗਰਦਾ ਹੈ ।


www.AKJ.Org

# ਨਾਮ ਦੀ ਮਹਿਮਾ

[ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨਾਮ ਦੀ ਮਹਿਮਾ ਅਪਰ ਅਪਾਰ ਹੈ। ਗੁਰੂ ਸਾਹਿਬ ਦੀ ਸਮੱਗਰ ਬਾਣੀ ਇਹੋ ਹੁਕਮ ਦਿੰਦੀ ਹੈ ਕਿ ਨਾਮ ਹੀ ਨਾਮ ਜਪੋ। ਗੁਰਮਤਿ ਦਾ ਸਾਰਾ ਧੁਰਵਾ ਨਾਮ ਅਭਿਆਸ ਦੇ ਜਾਪ ਉਪਰ ਹੀ ਨਿਰਭਰ ਹੈ। ਕੋਈ ਗੁਰ-ਸ਼ਬਦ ਭੀ ਨਾਮ ਅਭਿਆਸ ਦੀ ਮਹਿਮਾ ਤੋਂ ਖ਼ਾਲੀ ਨਹੀਂ। ਗੁਰਬਾਣੀ ਦਾ ਹਰੇਕ ਸ਼ਬਦ ਨਾਮ ਜਪਣ ਦੀ ਮਹਿਮਾ ਨੂੰ ਪ੍ਰਗਟਾਉਂਦਾ ਹੈ। ਜਥਾ ਗੁਰਵਾਕ :—

ਨਾਮੁ ਸੁਣੀ ਨਾਮੋ ਮਨਿ ਭਾਵੈ ॥ ਵਡੈ ਭਾਗਿ ਗੁਰਮੁਖਿ ਹਰਿ ਪਾਵੈ ॥੧॥
ਨਾਮੁ ਜਪਹੁ ਗੁਰਮੁਖਿ ਪਰਗਾਸਾ ॥
ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥੧॥ਰਹਾਉ॥
ਨਾਮੈ ਸੁਰਤਿ ਸੁਨੀ ਮਨਿ ਭਾਈ ॥ ਜੋ ਨਾਮੁ ਸੁਨਾਵੈ ਸੋ ਮੇਰਾ ਮੀਤ ਸਖਾਈ ॥੨॥
ਨਾਮਹੀਣ ਗਏ ਮੂੜ ਨੰਗਾ ॥ ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ ॥੩॥
ਆਪੇ ਥਾਪੇ ਥਾਪਿ ਉਥਾਪੇ ॥ ਨਾਨਕ ਨਾਮੁ ਦੇਵੈ ਹਰਿ ਆਪੇ ॥੪॥੬॥੫੮॥

ਆਸਾ ਮ: ੪, ਪੰਨਾ ੩੬੭

ਤਥਾ—ਫਿਰਿ ਇਆ ਅਉਸਰੁ ਚਰੈ ਨ ਹਾਥਾ ॥ ਨਾਮੁ ਜਪਹੁ ਤਉ ਕਟੀਅਹਿ ਫਾਸਾ ॥
ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥੩੮॥

ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੮

ਤਥਾ—ਹਰਿ ਹਰਿ ਨਾਮ ਕੀ ਮਨਿ ਭੂਖ ਲਗਾਈ ॥ ਨਾਮਿ ਸੁਨਿਐ ਮਨੁ ਤ੍ਰਿਪਤੈ ਮੇਰੇ ਭਾਈ ॥੧॥
ਨਾਮੁ ਜਪਹੁ ਮੇਰੇ ਗੁਰਸਿਖ ਮੀਤਾ ॥
ਨਾਮੁ ਜਪਹੁ ਨਾਮੇ ਸੁਖੁ ਪਾਵਹੁ ਨਾਮੁ ਰਖਹੁ ਗੁਰਮਤਿ ਮਨਿ ਚੀਤਾ ॥੧॥ਰਹਾਉ॥
ਨਾਮੋ ਨਾਮੁ ਸੁਣੀ ਮਨੁ ਸਰਸਾ ॥ ਨਾਮੁ ਲਾਹਾ ਲੈ ਗੁਰਮਤਿ ਬਿਗਸਾ ॥੨॥
ਨਾਮ ਬਿਨਾ ਕੁਸਟੀ ਮੋਹ ਅੰਧਾ ॥ ਸਭ ਨਿਹਫਲ ਕਰਮ ਕੀਏ ਦੁਖੁ ਧੰਧਾ ॥੩॥
ਹਰਿ ਹਰਿ ਹਰਿ ਜਸੁ ਜਪੈ ਵਡਭਾਗੀ ॥ ਨਾਨਕ ਗੁਰਮਤਿ ਨਾਮਿ ਲਿਵ ਲਾਗੀ ॥੪॥੮॥੬੦॥

ਆਸਾ ਮ: ੪, ਪੰਨਾ ੩੬੭

ਗੁਰਬਾਣੀ ਦਾ ਕੋਈ ਸ਼ਬਦ ਵੀ ਐਸਾ ਨਹੀਂ, ਜੋ ਨਾਮ ਦੀ ਮਹਿਮਾ ਨਾ ਪ੍ਰਗਟਾਉਂਦਾ ਹਵੇ। ਗੁਰਬਾਣੀ ਇਹੋ ਹੁਕਮ ਦਿੰਦੀ ਹੈ ਕਿ ਨਾਮ ਹੀ ਨਾਮ ਜਪੋ। ਗੁਰਬਾਣੀ ਦਾ ਹਰ ਇਕ ਸ਼ਬਦ ਦ੍ਰਿੜ੍ਹਾਉਂਦਾ ਹੈ ਕਿ ਨਾਮ ਜਪਣਾ ਹੀ ਪੂਰਨ ਗੁਰਮਤਿ ਹੈ। ਐਸੇ ਅਨੇਕਾਂ ਪ੍ਰਮਾਣ ਦਿਤੇ ਜਾ ਸਕਦੇ ਹਨ, ਜਿਨ੍ਹਾਂ ਤੋਂ ਕੇਵਲ ਨਾਮ ਹੀ ਨਾਮ ਦੀ ਮਹਿਮਾ ਪ੍ਰਸਿਧ ਹੁੰਦੀ ਹੈ। ਗੁਰਬਾਣੀ ਦਾ ਕੋਈ ਸ਼ਬਦ ਵੀ ਨਾਮ ਦੀ ਮਹਿਮਾ ਪ੍ਰਗਟਾਉਣ ਤੋਂ ਬਿਰਥਾ ਨਹੀਂ। ਗੁਰਬਾਣੀ ਦ੍ਰਿੜ੍ਹਾਉਂਦੀ ਹੈ ਕਿ ਤੱਤ ਗੁਰਮਤਿ ਹੀ ਨਾਮ ਜਪਣਾ ਹੈ।

ਪਰੰਤੂ ਅਸਾਡੇ ਕਈ ਇਕ ਵੇਦਾਂਤ ਦੇ ਗੁਠੇ ਹੋਏ ਨਵੀਨ ਆਗੂ ਨਾਮ ਜਪਣ ਨੂੰ ਅਤੇ ਨਾਮ ਅਭਿਆਸ ਪ੍ਰਥਾਇ ਹਰੇਕ ਪ੍ਰਕਾਰ ਦੇ ਸੰਜਮ ਵਰਤਣ ਨੂੰ ਨਿਰਾ ਕਰਮ-ਕਾਂਡ ਹੀ ਦਸਦੇ ਹਨ ਅਤੇ ਵੇਦਾਂਤ ਦੀ ਦਰਸਾਈ ਹੋਈ ਫੋਕਟ ਅਚਾਰਕ-ਗੁੜ੍ਹਤੀ ਦਵਾਰਾ ਪ੍ਰਗਟ ਹਇਆ ਨਾਮ ਉਨ੍ਹਾਂ ਦੀ ਮਨ-ਮੰਨੀ ਹੋਈ ਸੁੰਨ-ਸਮਾਧ ਵਿਖੇ ਸ੍ਰਵਣ ਨਿਧਿਆਸਨ ਕਰਨਾ ਹੀ ਅਸਲ ਗੁਰਮਤਿ ਕਰਕੇ ਦਸਦੇ ਹਨ। ਮਾਨੋ ਕਿ ਵੇਦਾਂਤ ਦੀ ਫੋਕਟ ਕਸੌਟੀ ਵਰਤ ਕੇ ਹੀ ਨਾਮ ਉਤੇ ਫੋਕਾ ਚਾਨਣ ਪਾਦੇ ਹਨ। ਨਾਮ ਦੀ ਤੱਤ ਮਹਿਮਾ ਤੋਂ ਕਈ ਗੁਮਰਾਹ ਹੋ ਰਹੇ ਹਨ, ਤੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਪੱਕੀ ਗੁਰਮਤਿ, ਜੋ ਨਿਰੋਲ ਨਾਮ ਜਪਣ ਨੂੰ ਹੀ ਸਿੱਧ ਕਰਦੀ ਹੈ, ਉਸ ਨੂੰ ਉਹ ਮੰਨਦੇ



www.AKJ.Org

ਹੀ ਨਹੀਂ। ਅਜਿਹੇ ਵੇਦਾਂਤ-ਗ੍ਰਸੀਏ ਪੁਰਸ਼ ਗੁਰਸਿੱਖੀ ਦੇ ਬਾਣੇ ਵਿਚ ਹੋ ਕੇ ਆਮ ਸਾਦਾ ਲੋਹ ਗੁਰਸਿੱਖਾਂ ਨੂੰ ਧੋਖਾ ਦਿੰਦੇ ਹਨ। ਉਨ੍ਹਾਂ ਧੋਖੇਬਾਜ਼ ਮਨ-ਮਤੀਆਂ ਦਾ ਗੁਰਮਤਿ ਅੰਦਰ ਕੋਈ ਵੀ ਥਾਉਂ ਨਹੀਂ। ਗੁਰਮਤਿ ਦ੍ਰਿੜ੍ਹਾਈ ਨਾਮ ਦੀ ਮਹਿਮਾ ਤੋਂ ਘੁਥੇ ਹੋਏ ਅਜਿਹੇ ਮਨਮੱਤੀਆਂ ਪ੍ਰਚਾਰਕਾਂ ਦਾ ਪੂਰਨ ਬਾਈਕਾਟ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਮੱਤ ਥੋੜੀ ਹੈ ਅਤੇ ਨਿਹਾਇਤ ਤਰਸ ਯੋਗ ਹੈ, ਜੋ ਗੁਰਮਤਿ ਦਰਸਾਈ ਦ੍ਰਿੜ੍ਹਾਈ ਮਹਿਮਾ ਤੋਂ ਉੱਕੇ ਹੀ ਮੁਨਕਰ ਹਨ। ਵੇਦਾਂਤਕ ਖ਼ਿਆਲਾਂ ਦਾ ਸਾਡੇ ਗੁਰਮਤਿ ਪ੍ਰਚਾਰਕਾਂ ਉਤੇ ਬੜਾ ਹੀ ਬੁਰਾ ਅਸਰ ਪਿਆ ਹੋਇਆ ਹੈ। ਉਨ੍ਹਾਂ ਦੀ ਬੁਧੀ ਨਿਰੀ ਹੀ ਵੇਦਾਂਤ-ਗ੍ਰਸੀ ਹੋਈ ਹੋਣ ਕਰਕੇ ਕੁਬੁਧੀ ਹੋਈ ਹੋਈ ਹੈ। ਨਿਰੋਲ ਵੇਦਾਂਤੀ, ਜੋ ਅਨਮਤੀ ਪੁਰਸ਼ ਹਨ, ਉਨ੍ਹਾਂ ਦੇ ਪਲੇ ਤਾਂ ਵੇਦਾਂਤ ਦੇ ਫੋਕੇ ਮਸਲਿਆਂ ਬਿਨਾਂ ਹੋਰ ਕੁਛ ਹੈ ਹੀ ਨਹੀਂ। ਪਰੰਤੂ ਗੁਰਮਤਿ-ਪ੍ਰਬੋਧਕਾਂ ਲਈ ਇਹ ਇਕ ਬੜਾ ਕਲੰਕ ਹੈ ਕਿ ਨਾਮ ਦੀ ਮਹਿਮਾ ਨੂੰ ਅਜਿਹੇ ਮਨ-ਮਤੀਆਂ ਦੇ ਪਿਛੇ ਲਗ ਕੇ ਕਲੰਕਤ ਕਰ ਰਹੇ ਹਨ।

ਸਾਨੂੰ ਇਕ ਅਨਮਤੀ ਵੇਦਾਂਤੀ ਅਤੇ ਭੇਖੀ ਸਾਧੂ ਰੇਲ ਵਿਚ ਮਿਲਿਆ, ਜੋ ਵੇਦਾਂਤ ਦੀਆਂ ਪੁਸਤਕਾਂ ਲੋਕਾਂ ਨੂੰ ਦੇ ਕੇ ਖੋਟਾ ਪ੍ਰਚਾਰ ਕਰ ਰਿਹਾ ਸੀ। ਉਹ ਸਾਨੂੰ ਵੀ ਵੇਦਾਂਤ ਦੀ ਇਕ ਪੁਸਤਕ ਦੇਣ ਲਗਾ, ਪਰ ਅਸੀਂ ਉਸ ਨੂੰ ਇਹ ਉਤਰ ਦਿਤਾ ਕਿ ਅਸੀਂ ਤਾਂ ਨਾਮ ਦੀ ਮਹਿਮਾ ਬਿਨਾ ਵੇਦਾਂਤ ਦੀ ਫੋਕੀ ਮਹਿਮਾ ਵਿਚ ਪੈਣਾ ਹੀ ਨਿਰੀ ਮਨਮਤਿ ਸਮਝਦੇ ਹਾਂ। ਉਸ ਨੇ ਫ਼ੌਰਨ ਹੀ ਉਤਰ ਦਿਤਾ ਕਿ "ਨਾਮ ਰੂਪ ਹੈ ਸਗਲ ਮਿਥੇਨਾ॥" ਅਸੀਂ ਉਸ ਨੂੰ ਆਖਿਆ ਕਿ ਇਹ ਤਾਂ ਗੁਰਬਾਣੀ ਦੀ ਕੋਈ ਤੁਕ ਹੀ ਨਹੀਂ ਹੈ। "ਦ੍ਰਿਸਟਿਮਾਨ ਹੈ ਸਗਲ ਮਿਥੇਨਾ"* ਇਹ ਤਾਂ ਤੁਕ ਹੈ। ਉਹ ਛਿੱਥਾ ਤਾਂ ਬੜਾ ਪਿਆ, ਪਰ ਫ਼ੌਰਨ ਹੀ ਉਸ ਨੇ ਇਉਂ ਪਾਸਾ ਪਲਟ ਲਿਆ ਕਿ ਜਿਤਨੀ ਵੀ ਦ੍ਰਿਸ਼ਟਮਾਨ ਸਾਮਿੱਗਰੀ ਹੈ, ਉਸ ਦਾ ਕੋਈ ਨਾ ਕੋਈ ਨਾਮ ਹੈ, ਸੋ ਇਹ ਨਾਮ ਸਾਰੇ ਹੀ ਮਿਥਿਆ ਹਨ। ਅਸੀਂ ਉਸ ਨੂੰ ਉਤਰ ਦਿਤਾ ਕਿ ਦ੍ਰਿਸ਼ਟਮਾਨ ਆਪੋਂ ਧਰੇ ਨਾਮ ਸਭ ਲੋਕਾਂ ਦੀ ਮਨਮਤਿ ਦੇ ਧਰੇ ਹੋਏ ਹਨ। ਧੁਰੋਂ ਆਇਆ ਧੁਰ-ਧੁਰੰਦਰੋਂ ਪਠਾਇਆ ਵਾਹਿਗੁਰੂ ਤਾਂ ਗੁਰਮਤਿ ਨਾਮ ਹਰਗਿਜ਼ ਮਿਥਿਆ ਨਹੀਂ ਹੋ ਸਕਦਾ। ਤੁਸੀਂ ਆਪੇਂ ਹੀ ਮਨ-ਘੜਤ ਨਾਮ ਦ੍ਰਿਸ਼ਟਮਾਨ ਪਸਾਰੇ ਦੀਆਂ ਚੀਜ਼ਾਂ ਦਾ ਧਰ ਲੈਂਦੇ ਹੋ, ਜੋ ਨਿਰੀ ਮਨਮਤਿ ਹੈ। ਦ੍ਰਿਸ਼ਟਮਾਨ ਵਸਤੂਆਂ ਦੀ ਮਨ-ਘੜਤ ਘਾੜਤ ਧਰੀ ਹੋਈ ਮਿਥਿਆ ਹੋਣੀ ਹੀ ਸੀ। ਇਹ ਤੁਹਾਡੀ ਕੋਝੀ ਵੇਦਾਂਤ ਏਸੇ ਮਨ-ਘੜਤ ਘੜੀ ਹੋਈ ਘਾੜਤ ਨੂੰ, ਦਿਸਣਹਾਰ-ਵਸਤੂਆਂ ਦੇ ਬੁਝਾਰਤੀ ਕੁਹਜੇ ਨਾਮ ਨੂੰ ਮਿਥਿਆ ਕਰ ਕੇ ਪ੍ਰਚਰਾਉਂਦੀ ਹੈ, ਜੋ ਗੁਰਮਤਿ ਦੀ ਨਾਮ ਰੂਪੀ ਮਹਿਮਾ ਤੋਂ ਕੋਸਾਂ ਹੀ ਦੂਰ ਹੈ। ਅਜਿਹੇ ਪ੍ਰਪੰਚੀਆ ਅਨਮਤੀਆਂ ਵੇਦਾਂਤੀਆਂ ਦੀ ਰੀਸੇ ਅਜ ਕੱਲ੍ਹ ਸਾਡੇ ਨਵੀਨ ਖ਼ਿਆਲੀ ਹੋਛੇ ਪ੍ਰਚਾਰਕਾਂ ਦੇ ਰਸਾਲੇ ਨਿਕਲ ਰਹੇ ਹਨ, ਜੋ ਨਿਰਾ ਹੀ ਮਨਮਤਿ ਦੀ ਜ਼ਹਿਰ ਦਾ ਫੈਲਾਓ ਕਰ ਰਹੇ ਹਨ।

ਨਾਮ ਦੀ ਮਹਿਮਾ ਮੋਈ ਸੁਗੰਧੀ ਅਪਰ ਅਪਾਰ ਹੈ। ਇਸ ਨੂੰ ਵਰਤਣਾ ਬੜੇ ਹੀ ਸ਼ਹੂਰ (ਸੋਝੀ) ਵਾਲੇ ਸਿੰਘ ਜਨਾਂ ਦੀ ਵਰਤੋਂ ਵਾਲੀ ਗੱਲ ਹੈ। ਹੋਛੇ ਜਨ ਏਥੋਂ ਤਾਈਂ ਗਲਤੀ ਕਰ ਬੈਠਦੇ ਹਨ ਕਿ ਨਾਮ ਦੀ ਮਹਿਮਾ ਨੂੰ ਹੋਛੇ ਤਰੀਕੇ ਨਾਲ ਜਣੇ ਖਣੇ ਪੁਰਸ਼ ਪਾਸ ਦ੍ਰਿੜ੍ਹਾਉਣ ਬੈਠ ਜਾਂਦੇ ਹਨ। ਸਾਡੇ ਨਵੀਨ ਵੇਦਾਂਤੀਏ ਵੇਦਾਂਤ-ਮਈ ਖ਼ਿਆਲਾਂ ਦੇ ਕੁੱਠੇ ਹੋਏ ਸਜਣ ਜਨ ਏਥੋਂ ਤਾਈਂ ਗਲਤੀ ਭੀ ਕਰ ਬੈਠਦੇ ਹਨ ਕਿ ਨਾਮ ਦੀ ਮਹਿਮਾ ਦਾ ਤੱਤ-ਅਭਿਪਰਾ ਸਮਝਦੇ ਹੀ ਨਹੀਂ। ਆਪਣੇ ਵੇਦਾਂਤੀ ਖ਼ਿਆਲਾਂ ਦੇ ਕੁਚਾਨਣ ਅੰਦਰ ਐਵੇਂ ਹੀ ਕਹੀ ਜਾਂਦੇ ਹਨ ਕਿ ਫੋਕਾ ਰਾਮ ਰਾਮ ਕਹੇ ਤੇ ਕੀ ਬਣਦਾ ਹੈ। ਉਹਨਾਂ ਦੇ ਭਾਣੇ ਦਾ ਵਾਹਿਗੁਰੂ ਨਾਮ ਮੁਖੋਂ ਕਹਿਣਾ ਫੋਕਾ ਭਾਸਦਾ ਹੈ, ਪਰੰਤੂ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਧੁਰੋਂ ਆਇਆ ਸੱਚੇ ਨਾਮ ਦੇ ਵਿਸ਼ੇਸ਼ਣ ਵਾਲਾ ਵਾਹਿਗੁਰੂ ਸਤਿਨਾਮ ਹਰੇਕ ਜਣੇ ਖਣੇ ਪੁਰਸ਼ ਨੂੰ ਪ੍ਰਾਪਤ ਨਹੀਂ ਹੋ ਸਕਦਾ। ਧੁਰੋਂ ਪਠਾਏ ਨਾਮ ਦੀ ਗੁੜ੍ਹਤਾ ਗੁਰੂ ਰੂਪੀ ਪੰਜਾਂ ਪਿਆਰਿਆਂ ਦੁਆਰਾ ਜਿਸ ਨੂੰ ਪ੍ਰਾਪਤ ਹੋ ਜਾਂਦੀ ਹੈ ਉਸ ਨੂੰ ਤਦੋਂ ਹੀ ਸੱਚੇ ਨਾਮ ਦੀ ਫਲ-ਪ੍ਰਾਪਤੀ-ਬਰਕਤ ਪ੍ਰਾਪਤ ਹੁੰਦੀ। ਯਥਾ ਗੁਰਵਾਕ :—

---

*ਮਾਰੂ ਮ: ੫ ਸੋਲਹੇ ॥੧੮॥ ਪੰਨਾ ੧੦੮੩


www.AKJ.Org

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥੬॥ [ਗੂਜਰੀ ਮ: ੩, ਪੰਨਾ ੪੯੧)

ਨਾਮ ਰੂਪੀ ਸੱਚੀ ਮਹਿਮਾ ਦੀ ਸੱਚੀ ਪ੍ਰਾਪਤੀ ਤਿਸੈ ਵਡਭਾਗੇ ਜਨ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਗੁਰੂ ਦੁਆਰਾ ਅਥਵਾ ਪੰਜਾਂ ਪਿਆਰਿਆਂ ਦੁਆਰਾ ਨਾਮ ਮਈ ਸੱਚੀ ਗੁੜ੍ਹਤੀ ਪ੍ਰਾਪਤ ਹੋ ਚੁਕੀ ਹੋਵੇ।

ਸੋਈ ਰਾਮ ਸਭੈ ਕਹਹਿ ਸੋਈ ਕਉਤਕਹਾਰ ॥੧੯੦॥ [ਸਲੋਕ ਕਬੀਰ ਜੀ, ਪੰਨਾ ੧੩੭੪

ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਉਂਜ ਤਾਂ ਵਾਹਿਗੁਰੂ ਵਾਹਿਗੁਰੂ ਮੁਖੋਂ ਸਭ ਕੋਈ ਕਰਦਾ ਹੈ, ਪਰੰਤੂ ਕਲਿਆਨ-ਮੋਈ-ਨਾਮ-ਵਿਗਾਸੀ-ਕਉਤਕ ਵਰਤਾਣ ਵਾਲੀ ਨਾਮ ਦੀ ਮਹਿਮਾ ਕਿਸੇ ਵਿਰਲੇ ਵਡਭਾਗੀ ਜਨ ਨੂੰ ਪ੍ਰਾਪਤ ਹੁੰਦੀ ਹੈ। ਗੁਰਵਾਕ :—

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ ਪਾਇਆ ॥੮॥੨॥
[ਵਡਹੰਸੁ ਮ: ੩, ਪੰਨਾ ੫੬੫

ਵਾਹੁ ਵਾਹੁ ਸਹਜੇ ਗੁਣ ਰਵੀਜੈ ॥
ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ॥੧॥ਰਹਾਉ॥ (੮॥੨॥)
ਵਡਹੰਸੁ ਮ: ੩, ਪੰਨਾ ਪ੬੫

ਇਨ੍ਹਾਂ ਦੋਹਾਂ ਗੁਰਵਾਕਾਂ ਦਾ ਭਾਵ ਸਪੱਸ਼ਟ ਦ੍ਰਸਦਾ ਹੈ ਕਿ ਨਾਮ ਦੀ ਅਨਿੰਨ ਮਹਿਮਾ ਆਪ-ਹੁਦਰੋਂ ਜਪਣ ਨਾਲ ਪ੍ਰਾਪਤ ਨਹੀਂ ਹੁੰਦੀ, ਸਹਜ-ਗਿਆਨ ਰੂਪੀ ਸੱਚੇ ਭਾਵ ਦੁਆਰਾ ਜਿਸ ਮਨ ਨੂੰ ਗੁਰਮਤਿ ਨਾਮ ਦੀ ਸੱਚੀ ਜਾਗ ਗੁਰ ਦੁਆਰਿਓਂ, ਗੁਰੂ ਨਾਨਕ ਸਾਹਿਬ ਦੇ ਦੁਆਰਿਓਂ ਲੱਗ ਜਾਵੇ, ਉਸੇ ਦੇ ਹਿਰਦੇ ਵਿਚ ਮੁਕਤਿ-ਮੋਖ ਮਈ ਕਲਿਆਨ-ਕਾਰਕ ਨਾਮ ਵੱਸਦਾ ਹੈ। ਇਨ੍ਹਾਂ ਗੁਰਵਾਕਾਂ ਨੇ ਸਾਫ਼ ਸਿੱਧ ਕਰ ਦਿਤਾ ਕਿ ਨਾਮ ਦੀ ਤੱਤ ਮਹਿਮਾ ਤਿਸੇ ਜਨ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਧੁਰੋਂ ਬਖ਼ਸ਼ੀ ਨਾਮ ਦੀ ਵਡਿਆਈ ਮੋਈ ਅਪਾਰ ਮਹਿਮਾ ਪ੍ਰਾਪਤ ਹੋ ਜਾਵੇ। ਇਸ ਦਾਸਰੇ ਦਾ ਭੀ ਪਹਿਲੇ ਪਹਿਲ ਇਹ ਖ਼ਿਆਲ ਸੀ ਕਿ ਵਾਹਿਗੁਰੂ ਨਾਮ ਨੂੰ ਹਿਰਦੇ ਵਿਚ ਹੀ ਰਖਣਾ ਚਾਹੀਦਾ ਹੈ, ਮੁਖ ਤੋਂ ਬਾਹਰ ਨਹੀਂ ਨਿਕਾਸਣਾ ਚਾਹੀਦਾ, ਪਰੰਤੂ ਪਿਛਲੇ ਦੋਹਾਂ ਗੁਰਵਾਕਾਂ ਨੇ ਇਹ ਖ਼ਿਆਲ ਉੱਕਾ ਹੀ ਮਨ ਵਿਚੋਂ ਕਾਫ਼ੂਰ ਕਰ ਦਿਤਾ। ਸੱਚ ਮੁੱਚ ਗੁਰੂ ਦਰਸਾਇਆ, ਗੁਰੂ ਦ੍ਰਿੜ੍ਹਾਇਆ, ਗੁਰੂ ਸਰੂਪ ਪੰਜਾਂ ਪਿਆਰਿਆਂ ਦਵਾਰਾ ਬਖ਼ਸ਼ਿਆ ਹੋਇਆ ਨਾਮ ਹੀ ਫਲੀਭੂਤ ਹੋਣਾ ਹੈ, ਐਵੇਂ ਆਪ-ਹੁਦਰੇ ਹੀ ਬਿਨਾਂ ਗੁਰਦੀਖਿਆ ਮਿਲੀ ਤੇ ਨਾਮ ਕਦੇ ਭੀ ਕਿਸੇ ਨੂੰ ਪ੍ਰਾਪਤ ਨਹੀਂ ਹੋਣਾ। ਮੋਖ-ਮੁਕਤਿ ਮਈ ਕਲਿਆਨ-ਕਾਰਕ ਵਾਹਿਗੁਰੂ ਨਾਮ ਤਿਸੇ ਵਡਭਾਗੇ ਗੁਰਮੁਖ ਜਨ ਦੇ ਹਿਰਦੇ ਵਿਚ ਪ੍ਰਕਾਸ਼ਤ ਹੋਣਾ ਹੈ ਜਿਸ ਨੂੰ ਧੁਰ ਦਰਗਾਹੋਂ ਨਾਮ-ਵਡਿਆਈ ਦੀ ਸੱਚੀ ਮਹਿਮਾ ਗੁਰੂ ਦਵਾਰਿਓਂ ਦੀਖਿਅਤ ਹੋ ਚੁਕੀ ਹੋਵੇ। ਕਿਸੇ ਭੀ ਇੱਕ ਇਕੱਲੇ ਪੁਰਸ਼ ਨੂੰ ਨਾਮ ਦੇਣ ਦਾ ਹੁਕਮ ਨਹੀਂ, ਨਾਮ ਦ੍ਰਿੜ੍ਹ ਹੁੰਦਾ ਹੈ ਤਾਂ ਕੇਵਲ ਗੁਰੂ ਮਈ ਪੰਜਾਂ ਪਿਆਰਿਆਂ ਦੀ ਦੀਖਸ਼ਤ ਮਹਿਮਾ ਦੁਆਰਾ ਹੀ ਹੁੰਦਾ ਹੈ। ਇਸ ਗੱਲ ਦੀ ਪ੍ਰੋੜ੍ਹਤਾ ਇਸ ਦਾਸਰੇ ਨੂੰ ਗਹਿ ਕਰਕੇ ਓਦੋਂ ਪ੍ਰਾਪਤ ਹੋਈ (ਜਿਸ ਨੂੰ ਕਿ ਦਾਸ ਗੁਰੂ ਦੀ ਅਪਾਰ ਕਿਰਪਾ ਕਰਕੇ ਸਮਝਦਾ ਹੈ) ਕਿ ਇਕ ਵਾਰ ਅਸੀਂ ਕਸ਼ਮੀਰ ਤੋਂ ਕਾਰ ਵਿਚ ਆ ਰਹੇ ਸੀ ਅਤੇ ਸੱਚੀ ਕਾਰੇ ਲੱਗਣ ਲਈ ਕਿਤੇ ਵੱਲ ਜਾ ਰਹੇ ਸਾਂ, ਕਿ ਰਾਹ ਵਿਚ ਸਾਡੀ ਕਾਰ ਨੂੰ ਸਰਦਾਰ ਬਹਾਦਰ ਘੇਰ ਕੇ ਖੜ੍ਹ ਗਿਆ ਤੇ ਅੜ ਗਿਆ ਏਸ ਗੱਲ ਤੇ ਕਿ ਮੈਂ ਕਾਰ ਤਦ ਲੰਘਣ ਦੇਣੀ ਹੈ ਕਿ ਜਦ ਮੈਨੂੰ ਆਪਣੀ ਜ਼ਬਾਨੀ ਤੁਸੀਂ ਇਹ ਗੱਲ ਦ੍ਰਿੜ੍ਹਾ ਦੇਵੋਗੇ ਕਿ ਉਹ ਕਿਹੜਾ ਨਾਮ ਹੈ ਜਿਸ ਦੇ ਜਪਣ ਦਾ ਹੁਕਮ ਹੈ। ਮੈਂ ਉਸ ਪ੍ਰੇਮੀ ਨੂੰ ਕਿਹਾ ਕਿ—

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥੨॥੪॥ [ਮ: ੧, ਆਸਾ ਦੀ ਵਾਰ, ਪੰਨਾ ੪੬੫

ਨਾਮ ਦੀ ਬੜੀ ਕਰੜੀ ਕਾਰ ਹੈ ਅਤੇ ਸਾਰ-ਭਗਤੀ ਇਹੋ ਹੀ ਹੈ। ਇਸ ਨੂੰ ਨਿਰੀ ਗੱਲਾਂ ਵਾਲੀ ਬਜ਼ਾਰੀ ਖੇਡ ਬਣਾਉਣੀ ਠੀਕ ਨਹੀਂ। ਨਾ ਹੀ ਇਕੱਲੇ ਸਿਖ ਨੂੰ ਨਾਮ ਦੱਸਣਾ ਯੋਗ ਹੈ। ਇਹ ਤਾਂ ਨਾਮ ਦੀ ਮਹਿਮਾ ਗੁਰੂ

ਜਾਂ ਗੁਰੂ ਸਰੂਪ ਪੰਜਾਂ ਪਿਆਰਿਆਂ ਦੀ ਦ੍ਰਿੜ੍ਹਾਈ ਹੋਈ ਹੀ ਫਲੀਭੂਤ ਹੁੰਦੀ ਹੈ, ਐਵੇਂ ਨਹੀਂ ਹੁੰਦੀ। ਤੁਸੀਂ ਜਾਵੋ ਸਾਡਾ ਖਹਿੜਾ ਛਡੋ। ਅਸੀਂ ਨਾਮ ਤੁਹਾਨੂੰ ਨਹੀਂ ਦੱਸਣਾ, ਨਾ ਹੀ ਦੱਸਣ ਦਾ ਹੁਕਮ ਹੈ ਇਕ ਇਕੱਲੇ ਗੁਰਸਿਖ ਨੂੰ। ਉਹ ਸਰਦਾਰ ਬਹਾਦਰ ਅਜੀਬ ਰਟ ਵਿਚ ਇਉਂ ਰਟਣ ਲਗ ਪਿਆ ਕਿ ਤੁਸੀਂ ਤਾਂ ਮੈਨੂੰ ਟਾਲਦੇ ਹੋ। ਚੰਗਾ ਟਾਲ ਛਡ, ਪਰ ਮੈਂ ਤੁਹਾਨੂੰ ਇਹ ਗੱਲ ਦਸ ਦੇਵਾਂ ਕਿ ਇਕ ਦਿਨ ਪੰਥ ਦੇ ਪ੍ਰਸਿਧ ਮੁਖੀਏ ਨਾਲ ਮੈਂ ਸੁਤੇ-ਸੁਭਾਵ ਹੀ ਸੈਰ ਕਰਦਾ ਫਿਰਦਾ ਸੀ ਕਿ ਉਹਨਾਂ ਨੇ ਮੇਰੇ ਪੁਛਣ ਤੇ ਫੌਰਨ ਹੀ ਨਾਮ ਦੱਸ ਦਿਤਾ। ਮੈਂ ਸਰਦਾਰ ਬਹਾਦਰ ਨੂੰ ਤੁਰਤ ਫੁਰਤ ਹੀ ਉਤਰ ਦਿੱਤਾ ਕਿ ਏਸ ਗੱਲ ਦਾ ਪੱਕਾ ਸਬੂਤ ਹੈ ਕਿ ਇਕ ਇਕੱਲੇ ਸਿਖ ਦਾ ਦਸਿਆ ਤੇ ਦਿਤਾ ਨਾਮ (ਚਾਹੇ ਕਿਤਨਾ ਹੀ ਪ੍ਰਸਿਧ ਹੋਵੇ) ਕਦੇ ਭੀ ਦ੍ਰਿੜ੍ਹ ਨਹੀਂ ਹੋ ਸਕਦਾ। ਜੇਕਰ ਆਪ ਨੂੰ ਦ੍ਰਿੜ੍ਹ ਹੋ ਗਿਆ ਹੁੰਦਾ ਤਾਂ ਅਜ ਮੇਰੇ ਪਾਸੋਂ ਆ ਕੇ ਨਾਮ ਨਾ ਪੁਛਦੇ। ਆਪ ਦੇ ਇਸ ਕਥਨ ਨੇ ਸਾਫ਼ ਸਿਧ ਕਰ ਦਿਤਾ ਕਿ ਨਾਮ ਜਦੋਂ ਭੀ ਦ੍ਰਿੜ੍ਹ ਹੁੰਦਾ ਹੈ ਤਾਂ ਗੁਰੂ ਅਥਵਾ ਗੁਰੂ ਰੂਪ ਪੰਜਾਂ ਪਿਆਰਿਆਂ ਦੀ ਦੀਖਿਆ ਦੁਆਰਾ ਹੁੰਦਾ ਹੈ, ਇਕ ਇਕੱਲੇ ਦਾ ਦਸਿਆ ਨਾਮ ਕਦੇ ਦ੍ਰਿੜ੍ਹ ਨਹੀਂ ਹੁੰਦਾ। ਸਰਦਾਰ ਬਹਾਦਰ ਬੜਾ ਹੀ ਛਿੱਥਾ ਪਿਆ। ਤੇ ਉਸ ਨੂੰ ਇਕੱਲਾ ਦੱਸਣ ਵਾਲਾ ਗੁਰਮੁਖ ਜਨ ਬਹੁਤ ਹੀ ਛਿੱਥਾ ਪਿਆ ਹੋਣਾ ਹੈ। ਤਾਂ ਤੇ ਸਪੱਸ਼ਟ ਸਿਧ ਹੋਇਆ ਕਿ ਉਹੀ ਨਾਮ ਦ੍ਰਿੜ੍ਹ ਤੇ ਫਲੀਭੂਤ ਹੋ ਸਕਦਾ ਹੈ ਜਿਸ ਨੂੰ ਗੁਰੂ ਦਵਾਰਾ ਜਾਂ ਗੁਰੂ ਸਰੂਪ ਪੰਜਾਂ ਪਿਆਰਿਆਂ ਦਵਾਰਾ ਦੀਖਸ਼ਾ-ਇਆ ਜਾਵੇ। ਤਾਂ ਤੇ ਨਾਮ ਦੀ ਮਹਿਮਾ ਅਤਿਅੰਤ ਅਕੱਥਨੀਯ ਹੈ।

[“ਨਾਮ ਤੇ ਨਾਮ ਦਾ ਦਾਤਾ ਸਤਿਗੁਰੂ” ਪੁਸਤਕ ਵਿਚੋਂ

---

## ਹਰਿ ਕਾ ਸੰਤੁ

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥
ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿਨਾਮੁ ਸਮਾਰਿ ॥੧॥
ਮਧੁਸੂਦਨੁ ਜਪੀਐ ਉਰਧਾਰਿ ॥
ਦੇਹ ਨਗਰਿ ਤਸਕਰ ਪੰਚ ਧਾਤੂ ਗੁਰ ਸਬਦੀ ਹਰਿ ਕਾਢੇ ਮਾਰਿ ॥੧॥ਰਹਾਉ॥
ਜਿਨ ਕਾ ਹਰਿ ਸੇਤੀ ਮਨੁ ਮਾਨਿਆ ਤਿਨ ਕਾਰਜ ਹਰਿ ਆਪਿ ਸਵਾਰਿ ॥
ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਅੰਗੀਕਾਰੁ ਕੀਆ ਕਰਤਾਰਿ ॥੨॥
ਮਤਾ ਮਸੂਰਤਿ ਤਾ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ ॥
ਜੋ ਕਿਛੁ ਕਰੇ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥੩॥
ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥
ਨਾਨਕ ਸੋ ਪ੍ਰਭੁ ਸਦਾ ਧਿਆਈਐ ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥੪॥੧॥੫॥

[ਭੈਰਉ ਮਹਲਾ ੪ ਘਰੁ ੨, ਪੰਨਾ ੧੧੩੫

## ਲੀਕ ਮਿਟਤ ਨ ਪੇਖੀਐ

ਜੈਸੇ ਘਾਉ ਘਾਇਲ ਕੋ ਜਤਨ ਕੈ ਨੀਕੋ ਹੋਤ, ਪੀਰ ਮਿਟਿ ਜਾਇ ਲੀਕ ਮਿਟਤ ਨ ਪੇਖੀਐ ॥
ਜੈਸੇ ਫਾਟੋ ਅੰਬਰੋ ਸੀਆਇ ਪੁਨਿ ਓਢੀਅਤ, ਨਾਗੋ ਤਉ ਨ ਹੋਇ ਤਉ ਥੇਗਰੀ ਪਰੇਖੀਐ ॥
ਜੈਸੇ ਟੂਟੋ ਬਾਸਨੁ ਸਵਾਰ ਦੇਤ ਹੈ ਠਠੇਰੋ, ਗਿਰਤ ਨ ਪਾਨੀ ਪੈ ਗਠੀਲੋ ਭੇਖ ਭੇਖੀਐ ॥
ਤੈਸੇ ਗੁਰ ਚਰਨ ਬਿਮੁਖ ਦੁਖ ਦਖਿ ਪੁਨਿ, ਸਰਨ ਗਹੇ ਪੁਨੀਤ ਪੈ ਕਲੰਕ ਲੇਖੀਐ ॥੪੧੯॥

[ਕਬਿਤ ਭਾਈ ਗੁਰਦਾਸ ਜੀ


www.AKJ.Org

# ਚੜ੍ਹਦੀ ਕਲਾ ਦਾ ਪ੍ਰਤੀਕ–ਹੋਲਾ ਮਹੱਲਾ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 16?-ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

**ਅਨੰਦਪੁਰ ਸਾਹਿਬ ਮਨਾਏ ਜਾਂਦੇ ਹੋਲੇ ਮਹੱਲੇ ਦੀਆਂ ਕੁਝ ਝਲਕੀਆਂ–**

ਜੋ ਕੌਮ ਮਰਨਾ ਜਾਣਦੀ ਹੈ, ਉਸ ਨੂੰ ਜੀਊਣ ਦਾ ਲਾਲਚ ਨਹੀਂ ਹੁੰਦਾ। ਉਹ ਇਸ ਗੱਲ ਵਿਚ ਵਿਸ਼ਵਾਸ ਰੱਖਦੀ ਹੈ :

'ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥' (ਪੰਨਾ ੫੭੯-੮੦)

ਇਹ ਗੁਰੂ ਗੋਬਿੰਦ ਸਿੰਘ ਵਲੋਂ ਦੱਸੀ ਹੋਈ ਮਰਨ ਦੀ ਜਾਚ ਹੀ ਸੀ, ਜਿਸ ਨੇ ਬੈਰਾਗੀ ਸਾਧੂ ਨੂੰ ਕਰਮ-ਯੋਗੀ ਸੰਤ ਸਿਪਾਹੀ ਬਣਾ ਕੇ ਜ਼ਾਲਮ ਤੇ ਜਾਬਰ ਮੁਗਲ ਹਕੂਮਤ ਨਾਲ ਲਿਆ ਲੜਾਇਆ।

ਡਾਕਟਰ ਗੋਕਲ ਚੰਦ ਨਾਰੰਗ ਦੇ ਲਿਖਣ ਅਨੁਸਾਰ : "ਸਿੰਘ ਹੋਣਾ ਮੌਤ-ਲਾੜੀ ਨਾਲ ਵਿਆਹ ਕਰਨ ਦੇ ਤੁੱਲ ਹੁੰਦਾ ਸੀ। ਜੇ ਇਕ ਔਰਤ ਦੂਸਰੀ ਔਰਤ ਨੂੰ ਪੁੱਛਦੀ ਕਿ ਤੇਰੇ ਕਿੰਨੇ ਪੁੱਤਰ ਹਨ ? ਤਾਂ ਉੱਤਰ ਦਿੰਦੀ, ਪੁੱਤਰ ਤਾਂ ਚਾਰ ਸਨ, ਪਰ ਇਕ ਅੰਮ੍ਰਿਤ ਛੱਕ ਕੇ ਸਿਘ ਸੱਜ ਗਿਆ ਹੈ, ਜਿਸ ਦਾ ਮਤਲਬ ਇਹ ਹੁੰਦਾ ਸੀ ਕਿ ਸਿੰਘ ਸੱਜ ਕੇ ਇਕ ਤਰ੍ਹਾਂ ਆਪ, ਆਪਣੀ ਮੌਤ ਸਹੇੜ ਬੈਠਾ ਹੈ।" ਸਰ ਜਾਦੂ ਨਾਥ ਸਰਕਾਰ ਨੇ ਲਿਖਿਆ ਹੈ ਕਿ : "੫ ਮਈ, ੧੭੩੯ ਨੂੰ ੧੫ ਕਰੋੜ ਨਕਦ ਤੇ ੫੦ ਕਰੋੜ ਦਾ ਸਾਮਾਨ ਅਤੇ ਤਖ਼ਤਿ ਤਾਊਸ ਆਦਿ ਦਿੱਲੀ ਤੋਂ ਲੁੱਟ ਕੇ ੫੦ ਹਜ਼ਾਰ ਹਿੰਦੂ ਲੜਕੇ-ਲੜਕੀਆਂ ਨਾਲ ਲੈ ਕੇ ਜਦੋਂ ਨਾਦਰਸ਼ਾਹ ਆਪਣੇ ਦੇਸ਼ ਵਾਪਸ ਮੁੜਿਆ ਤਾਂ ਸ: ਜੱਸਾ ਆਹਲੂਵਾਲੀਆ ਦੀ ਅਗਵਾਈ ਵਿਚ ਸਿੰਘਾਂ ਨੇ ਉਸ ਨੂੰ ਲੁੱਟਿਆ ਤੇ ਉਸ ਦੀ ਲੁੱਟ ਦੇ ਸਾਮਾਨ ਤੋਂ ਉਸ ਦਾ ਭਾਰ ਹੌਲਾ ਕੀਤਾ ਅਤੇ ਕੈਦੀ ਲੜਕੇ-ਲੜਕੀਆਂ ਨੂੰ ਛੁਡਾ ਲਿਆ, ਤਾਂ ਨਾਦਰਸ਼ਾਹ ਬੜਾ ਪ੍ਰੇਸ਼ਾਨ ਹੋਇਆ ਤੇ ਉਸ ਜ਼ਕਰੀਆ ਖਾਨ ਨੂੰ ਪੁੱਛਿਆ ਕਿ ਇਹ ਕੌਣ ਲੋਕ ਹਨ, ਜਿਨ੍ਹਾਂ ਨੇ ਮੇਰੀ ਫੌਜ ਦੇ ਹੁੰਦਿਆਂ ਵੀ ਮੇਰੀ ਲੁੱਟ ਦਾ ਮਾਲ ਲੁੱਟਣੋਂ ਸੰਕੋਚ ਨਹੀਂ ਕੀਤਾ ? ਤਾਂ ਜ਼ਕਰੀਆ ਖ਼ਾਂ ਨੇ ਦਸਿਆ ਇਹ ਹਿੰਦੂ ਮੁਸਲਮਾਨਾਂ ਤੋਂ ਨਿਰਾਲੇ ਹਨ, ਜੰਗਲ ਤੇ ਪਹਾੜ ਇਨ੍ਹਾਂ ਦਾ ਦੇਸ਼ ਤੇ ਘੋੜਿਆਂ ਦੀਆਂ ਕਾਠੀਆਂ ਇਨ੍ਹਾਂ ਦੇ ਘਰ ਹਨ। ਅਸੀਂ ਇਨ੍ਹਾਂ ਨੂੰ ਮਾਰ-ਮਾਰ ਥੱਕ ਗਏ ਹਾਂ, ਪਰ ਇਹ ਸਗੋਂ ਵਧਦੇ ਹੀ ਜਾਂਦੇ ਹਨ। ਨਾਦਰਸ਼ਾਹ ਇਹ ਸੁਣ ਕੇ ਹੈਰਾਨ ਹੋਇਆ ਤੇ ਕਹਿਣ ਲੱਗਾ, ਉਹ ਸਮਾਂ ਦੂਰ ਨਹੀਂ, ਜਦੋਂ ਇਹ ਚੜ੍ਹਦੀ ਕਲਾ ਵਾਲੇ ਲੋਕ ਮੁਲਕ ਦੇ ਮਾਲਕ ਬਣਨਗੇ।"

ਅੱਤ ਦੀ ਸਖ਼ਤੀ ਦੇ ਬਾਵਜੂਦ ਜਦੋਂ ਵੀ ਦਾਅ ਲੱਗੇ, ਸਿੰਘ ਜੰਗਲਾਂ-ਪਹਾੜਾਂ 'ਚੋਂ ਨਿਕਲਦੇ ਤੇ ਲੁੱਟ-ਮਾਰ ਕਰ ਕੇ ਲੋੜ ਦੀਆਂ ਚੀਜ਼ਾਂ ਲੈ ਜਾਂਦੇ। ਯਾਹੀਆ ਖਾਂ ਹੈਰਾਨ ਸੀ ਤੇ ਗੁੱਸੇ ਵੀ, ਕਿ ਅਸੀਂ ਇਨ੍ਹਾਂ ਸਿੰਘਾਂ ਦਾ ਖੁਰਾ-ਖੋਜ ਮੁਕਾਉਣ 'ਤੇ ਤੁਲੇ ਹੋਏ ਹਾਂ ਤੇ ਇਹ ਭੁੱਖੇ-ਤਿਹਾਏ ਰਹਿ ਕੇ, ਪਾਟੇ ਲੀੜੇ ਪਾ ਕੇ ਵੀ ਸਾਨੂੰ ਚੈਨ ਨਾਲ ਨਹੀਂ ਬੈਠਣ ਦਿੰਦੇ।

ਇਸ ਤਰ੍ਹਾਂ ਭੁੱਖੇ ਰਹਿ ਕੇ, ਦੁਖ ਸਹਿ ਕੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਸਨ ਤੇ ਆਪਣੀ ਧਾਰਮਿਕ ਤੇ ਰਾਜਸੀ ਆਜ਼ਾਦੀ ਲਈ ਸੰਗਰਾਮ ਕਰਦੇ ਯਤਨਸ਼ੀਲ ਰਹਿੰਦੇ ਸਨ। ਹਾਲਤ ਇਹ ਸੀ ਕਿ ਦਿੱਲੀ ਤੇ ਪੰਜਾਬ ਦੀਆਂ ਹਕੂਮਤਾਂ ਇਕ ਪਾਸੇ ਤੇ ਉਨ੍ਹਾਂ ਦੇ ਝੋਲੀ ਚੁੱਕ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਸਿੰਘਾਂ ਨੂੰ ਖ਼ਤਮ ਕਰਨ 'ਤੇ ਤੁਲੇ ਹੋਏ ਸਨ, ਪਰ ਸਿੰਘ ਸਦਾ ਆਤਮਿਕ ਤੌਰ 'ਤੇ ਚੜ੍ਹਦੀ ਕਲਾ ਵਿਚ ਵਿਚਰਦੇ ਤੇ ਅਰਦਾਸ ਕਰਦੇ ਸਨ :

"ਜਹਾਂ-ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ-ਤੇਗ ਫਤਹ,
ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ-ਬਾਲੇ,
ਬੋਲਣਾ ਜੀ ਵਾਹਿਗੁਰੂ।"

'ਖਾਲਸਾ ਜੀ ਸਾਹਿਬ' ਤੇ ਖਾਲਸਾ ਜੀ ਕੇ ਬੋਲ ਬਾਲੇ' ਵਾਕੰਸ਼ ਖਾਲਸੇ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹੀ


www.AKJ.Org

ਨਹੀਂ, ਖਾਲਸੇ ਦੀ ਚੜ੍ਹਦੀ ਕਲਾ ਦੇ ਪਰਤੱਖ ਸਬੂਤ ਸਨ ।

ਸਮੇਂ-ਸਮੇਂ ਸਰਕਾਰਾਂ ਸਿੰਘਾਂ ਨਾਲ ਲੋੜ ਪੈਣ 'ਤੇ ਸਮਝੌਤੇ ਵੀ ਕਰਦੀਆਂ ਰਹੀਆਂ ਹਨ ਤੇ ਸਮਝੌਤਿਆਂ ਤੋਂ ਮੁਕਰਦੀਆਂ ਵੀ ਰਹੀਆਂ ਹਨ । ਅਜਿਹਾ ਹੀ ਇਕ ਸਮਝੌਤਾ ਕਰਨ ਲਈ ੧੭੪੮ ਵਿਚ ਅਦੀਨਾ ਬੇਗ ਫੌਜਦਾਰ ਜਲੰਧਰ ਨੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ । ਪਤਾ ਲੱਗ ਗਿਆ ਕਿ ਸਮਝੌਤੇ ਦੀ ਆੜ ਵਿਚ ਸਰਕਾਰ ਦੀ ਬੇਈਮਾਨੀ ਲੁਕੀ ਹੋਈ ਹੈ । ਤਾਂ ਸ: ਆਹਲੂਵਾਲੀਆਂ ਨੇ ਅਦੀਨਾ ਬੇਗ ਨੂੰ ਲਿਖਿਆ :

> "ਮੁਲਾਕਾਤ ਤਾਂ ਹਮਾਰੀ-ਤੁਮਾਰੀ ਲੜਾਈ ਮੇਂ ਹੀ ਹੋਵੇਗੀ ਤੇ ਜੋਨ ਸੇ ਉਹਾਂ ਹਥਿਆਰ ਛੁਟੇਂਗੇ ਸੋਈ ਦਿਲੀ ਬਾਤਾਂ ਜਾਹਰ ਹੋਵੇਗੀਆਂ ।"

ਉਪਰਲੇ ਵਰਨਣ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦਾ ਸੰਖੇਪ ਜਿਹਾ ਦ੍ਰਸ਼ਨ ਪੇਸ਼ ਕੀਤਾ ਮਿਲਦਾ ਹੈ । ਇਹ ਚੜ੍ਹਦੀ ਕਲਾ ਸਿੰਘਾਂ ਨੂੰ ਵਿਰਸੇ ਵਿਚ ਮਿਲੀ ਹੋਈ ਹੈ । ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਭਾਵਨਾ ਬਣਾਈ ਰੱਖਣ ਲਈ ਤੇ ਯੁੱਧ-ਵਿਦਿਆ ਦੇ ਅਭਿਆਸ ਨੂੰ ਜਾਰੀ ਰੱਖਣ ਲਈ ਸਿੰਘਾਂ ਅੰਦਰ 'ਹੋਲਾ ਮਹੱਲਾ' ਮਨਾਉਣ ਦੀ ਰੀਤ ਤੋਰੀ ।

ਹੋਲੀ ਧਾਰਮਕ ਨਹੀਂ, ਕੇਵਲ ਖੁਸ਼ੀ ਮਨਾਣ ਦਾ ਮੌਸਮੀ ਤਿਉਹਾਰ ਹੈ, ਜੋ ਹੁਣ ਹਿੰਦੂ ਲੋਕ ਨਚਦੇ ਟੱਪਦੇ, ਹੱਸਦੇ ਖੇਡਦੇ, ਇਕ ਦੂਜੇ ਤੇ ਲਾਲ ਗੁਲਾਲ ਰੰਗ ਪਾਂਦੇ ਨੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਮਨਾਂਦੇ ਹਨ । ਪਰ ਬਹੁਤੀ ਥਾਈਂ ਕੂੜਾ ਕਰਕਟ ਅਤੇ ਗੰਦ ਬਲਾ ਸੁਟਕੇ ਤਿਉਹਾਰ ਦੀ ਮਿੱਟੀ ਪਲੀਤ ਕੀਤੀ ਜਾਂਦੀ ਵੇਖੀ ਜਾਂਦੀ ਹੈ ।

ਗੁਰੂ ਅਰਜਨ ਦੇਵ ਜੀ ਨੇ ਬਸੰਤ ਰਾਗ ਦੇ ਇਕ ਸ਼ਬਦ ਵਿੱਚ ਫਾਗ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ—

> ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
> ਆਜੁ ਹਮਾਰੈ ਮਹਾ ਅਨੰਦ । ਚਿੰਤ ਲਥੀ ਭੇਟੇ ਗੋਬਿੰਦ ॥੧॥
> ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭੁ ਤੁਮ ਬੇਅੰਤ ॥੧॥ਰਹਾਉ॥
> ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
> ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥
> ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥
> ਸਗਲੀ ਰੂਤੀ ਹਰਿਆ ਹੋਇ । ਸਦ ਬਸੰਤ ਗੁਰ ਮਿਲੇ ਦੇਵ ॥੩॥
> ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥
> ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥(੧੧੮੦

ਸਮੁਚੇ ਸ਼ਬਦ ਦਾ ਕੇਂਦਰੀ ਭਾਵ ਹੈ -"ਹਰੀ ਦਾ ਪ੍ਰੇਮ ਤੇ ਗੁਰੂ ਦੀ ਸੇਵਾ ਹੀ ਅਸਲੀ ਹੋਲੀ ਹੈ, ਕਿਉਂਕਿ ਇਸ ਤਰ੍ਹਾਂ ਹੀ ਮਨ ਦੀ ਪ੍ਰਸੰਨਤਾ ਬਣੀ ਰਹਿ ਸਕਦੀ ਹੈ ।" ਸੋ ਗੁਰਮਤਿ ਅਨੁਸਾਰ ਤਾਂ ਪ੍ਰਭੂ ਦੇ ਗੁਣ ਗਾਇਨ ਕਰਨ ਤੇ ਸੇਵਾ ਕਰਨਾ ਹੀ ਹੋਲੀ ਹੈ ।

ਗੁਰੂ ਕਲਗੀਧਰ ਪਾਤਸ਼ਾਹ ਨੇ ਸਿੰਘਾਂ ਅੰਤਰ ਚੜ੍ਹਦੀ ਕਲਾ ਦੀ ਭਾਵਨਾ ਕਾਇਮ ਰੱਖਣ ਤੇ ਯੁੱਧ-ਵਿਦਿਆ ਦੇ ਅਭਿਆਸ ਨੂੰ ਜਾਰੀ ਰੱਖਣ ਲਈ ਸਿੰਘਾਂ ਅੰਦਰ "ਹੋਲਾ ਮਹੱਲਾ" ਮਨਾਉਣ ਦੀ ਰੀਤ ਤੋਰੀ, ਹੋਲੇ ਮਹੱਲੇ ਦਾ ਹੋਲੀ ਦੀ ਰਸਮ ਨਾਲ ਉੱਕਾ ਹੀ ਕੋਈ ਸੰਬੰਧ ਨਹੀਂ ।

ਭਾ: ਕਾਨ੍ਹ ਸਿੰਘ ਨਾਭਾ ਅਨੁਸਾਰ "ਹੋਲਾ ਮਹੱਲਾ ਇਕ ਬਨਾਵਟੀ ਹੱਲਾ ਹੁੰਦਾ ਹੈ, ਜਿਸ ਵਿੱਚ ਪੈਦਲ ਤੇ ਸਵਾਰ ਸ਼ਸਤਰਧਾਰੀ ਸਿੰਘ ਦੋ ਪਾਰਟੀਆਂ ਬਣਾ ਕੇ ਇੱਕ ਖਾਸ ਥਾਂ ਉਤ ਹਮਲਾ ਕਰਦੇ ਹਨ ।"(ਗੁਰਮਤਿ ਪ੍ਰਭਾਕਰ

ਭਾਈ ਵੀਰ ਸਿੰਘ ਜੀ ਅਨੁਸਾਰ "ਮਹੱਲਾ"ਸ਼ਬਦ ਤੋਂ ਭਾਵ ਹੈ"ਮਜ-ਹੱਲਾ"ਅਰਥਾਤ "ਬਨਾਵਟੀ ਹੱਲਾ ।"

(ਕਲਗੀਧਰ ਚਮਤਕਾਰ)

ਖਾਲਸਾ ਸਾਜਣ ਮਗਰੋਂ ਗੁਰੂ ਦਸਮੇਸ਼ ਪਿਤਾ ਜੀ ਨੇ ਸੰਮਤ ੧੭੫੭ ਚੇਤ੍ਰ ਵਦੀ ਏਕਮ ਨੂੰ ਇਕ ਨਵਾਂ ਸਥਾਨ "ਹੋਲਗੜ੍ਹ" ਰਚ ਕੇ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ। (ਮਹਾਨ ਕੋਸ਼—ਪੰਨਾ ੨੮੩)

ਦੋ ਜੱਥੇ ਬਣਾ ਕੇ ਇਕ ਨੂੰ ਹੋਲ ਗੜ੍ਹ ਤੇ ਕਬਜ਼ਾ ਕਰਕੇ ਮੋਰਚੇ ਕਾਇਮ ਕਰਨ ਲਈ ਕਹਿ ਦਿੱਤਾ ਗਿਆ। ਦੂਸਰੇ ਜੱਥੇ ਨੂੰ ਹੋਲ ਗੜ੍ਹ ਉਤੇ ਚੜ੍ਹਾਈ ਕਰ ਜਾਣ ਦਾ ਹੁਕਮ ਹੋਇਆ। ਡੇਢ ਪਹਿਰ ਦੁਵੱਲੀ ਘਮਸਾਨ ਦਾ ਯੁੱਧ ਹੋਇਆ। ਤੀਰ ਤੇ ਗੋਲੀ ਚਲਾਉਣ ਦੀ ਮਨਾਹੀ ਸੀ, ਕਿਉਂਕਿ ਦੋਵੇਂ ਪਾਸੇ ਖਾਲਸਈ ਫੌਜਾਂ ਸਨ। ਦੋਹਾਂ ਫੌਜਾਂ ਦਾ ਅੰਤਰ ਰੱਖਣ ਲਈ ਲੋਹਗੜ੍ਹ 'ਤੇ ਕਾਬਜ਼ ਜੱਥੇ ਦੇ ਬਸਤਰ ਚਿੱਟੇ ਸਨ ਤੇ ਦੂਸਰੇ ਦਲ ਦੇ ਕਪੜੇ ਹਲਕੇ ਕੇਸਰੀ ਰੰਗ ਦੇ ਸਨ। ਬੜੇ ਯਤਨਾਂ ਤੇ ਲੜਾਈ ਦੇ ਦਾਅ-ਪੇਚਾਂ ਅਨੁਸਾਰ ਅੱਗੇ ਵੱਧਦੀ ਹੋਈ ਕੇਸਰੀ ਬਸਤਰਾਂ ਵਾਲੀ ਸੈਨਾ ਨੇ ਲੋਹਗੜ੍ਹ ਉਤੇ ਅੰਤ ਕਬਜ਼ਾ ਕਰ ਲਿਆ। ਉਸ ਜੱਥੇ ਦੀ ਜਿਤ ਦੀ ਖੁਸ਼ੀ ਵਿੱਚ ਕਲਗੀਧਰ ਪਾਤਸ਼ਾਹ ਜੀ ਨੇ ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗੱਫੇ ਬਣਵਾਏ, ਜੋ ਸਭਨਾਂ ਨੇ ਰਲ ਮਿਲ ਕੇ ਰਜ ਰਜ ਕੇ ਛਕੇ ਤੇ ਅਨੰਦਤ ਹੋਏ।

ਇਸੇ ਤਰ੍ਹਾਂ ਦਾ ਮਹੱਲਾ ਹਰ ਸਾਲ ਸ੍ਰੀ ਅਨੰਦ ਪੁਰ ਸਾਹਿਬ ਵਿਚ ਚੜ੍ਹਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵਰੋਸਾਏ ਹੋਏ ਮਹਾਨ ਕਵੀ ਤੇ ਸਿੱਖ ਭਾਈ ਨੰਦ ਲਾਲ ਜੀ 'ਗੋਯਾ' ਆਪਣੀ ਫ਼ਾਰਸੀ ਗ਼ਜ਼ਲ ਚਿ ਲਿਖਦੇ ਹਨ—

ਗੁਲਿ ਹੋਲੀ ਬਬਾਗਿ ਦਹਰ ਬੂ ਕਰਦ। ਲਬਿ ਚੂੰ ਗੁੰਚਹ ਰਾ, ਫ਼ਰਖ਼ੰਦਾ ਖ਼ੂ ਕਰਦ।੧।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ। ਚੁ ਬਾਰਾਂ, ਬਾਰਸ਼ੇ ਅਜ਼ ਸੂ ਬਸੂ ਕਰਦ।੨।
ਜ਼ਹੇ ਪਿਚਕਾਰੀਏ ਪੁਰ ਜ਼ਾਫਰਾਨੀ। ਕਿ: ਹਰ ਬੇਰੰਗ ਰਾ, ਖ਼ੁਸ਼-ਰੰਗੋ ਬੂ ਕਰਦ।੩।
ਗੁਲਾਲ ਅਫ਼ਸ਼ਾਨੀਏ ਦਸਤਿ ਮਬਾਰਕ। ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।੪।
ਦੋ ਆਲਮ ਗਸ਼ਤ ਰੰਗੀਨ ਅਜ਼ ਤੁਫ਼ੈਲਸ਼। ਚੂ ਸ਼ਾਹਮ ਜਾਮਾ ਰੰਗੀਂ, ਦਰ ਗੁਲੂ ਕਰਦ।੫।
ਕਸੇ ਕੋ ਦੀਦ ਦੀਦਾਰਿ ਮੁਕੱਦਸ। ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ।੬।
ਸ਼ਵੱਦ ਕੁਰਬਾਨ ਖ਼ਾਕਿ ਰਾਹਿ ਸੰਗਤ। ਦਿਲਿ 'ਗੋਯਾ' ਹਮੀਂ ਰਾ ਆਰਜ਼ੂ ਕਰਦ।੭।

[ਦੀਵਾਨਿ ਗੋਯਾ, ਗ਼ਜ਼ਲ ਨੰਬਰ ੩੩

**ਅਰਥਾਤ**—ਕਿ ਫੁਲ ਹੋਲੀ ਖਿੜਿਆ ਵਿੱਚ ਦੁਨੀਆ, ਲਬਾਂ ਨੂੰ ਖੋਲ੍ਹਿਆ ਉਸ ਵਾਂਗ ਕਲੀਆਂ।੧।
ਅਬੀਰ, ਅੰਬਰ, ਗੁਲਾਲ ਤੇ ਕਥੂਰੀ ਵੱਸਣ, ਹਰ ਤਰਫ਼ ਜਿਉਂ ਬਰਖਾ ਦੀਆਂ ਕਣੀਆਂ।੨।
ਦਲੇ ਕੇਸਰ ਦੀ ਪਿਚਕਾਰੀ ਮੁਬਾਰਕ, ਕਿ ਰੰਗ ਨੂੰ ਰੰਗ ਲਾਣ ਭਲੀਆਂ।੩।
ਮੁਬਾਰਕ ਹੱਥ ਉਡਾਈ ਜਦ ਗੁਲਾਲੀ, ਚੜ੍ਹੀ ਲਾਲੀ ਜ਼ਿਮੀਂ ਅਸਮਾਨ ਫੁਲੀਆਂ।੪।
ਤੁਫ਼ੈਲ ਉਸ ਦੀ ਜਹਾਂ ਦੋ ਗਏ ਰੰਗੇ, ਰੰਗੇ ਜਾਮੇ ਜਾਂ ਸੁਹਣੇ ਲਾਈਆਂ ਤਣੀਆਂ।੫।
ਜਿਨ੍ਹੇ ਡਿਠੇ ਮੁਬਾਰਕ ਏਹ ਦਰਸ਼ਨ, ਮੁਰਾਦਾਂ ਉਮਰ ਉਸ ਨੇ ਹੈਨ ਜਿਣੀਆਂ।੬।
ਹੋਯਾ ਕੁਰਬਾਨ ਸਾਧ ਸੰਗਤ ਦੀ ਧੂੜੇਂ, ਕਿ ਲੋਚਾਂ ਅੱਜ 'ਗੋਯਾ' ਦੀਆਂ ਫਲੀਆਂ।੭।

(ਅਨੁਵਾਦ ਭਾਈ ਵੀਰ ਸਿੰਘ ਜੀ ਨੇ ਕੀਤਾ)

ਫ਼ਾਰਸੀ ਗਜ਼ਲ ਅਤੇ ਅਨੁਵਾਦ ਪੜ੍ਹਿਆਂ ਪਤਾ ਲਗਦਾ ਹੈ ਕਿ ਕਲਗੀਧਰ ਪਾਤਸ਼ਾਹ ਜੀ ਕਿਸ ਤਰ੍ਹਾਂ ਕੇਸਰ ਵਰਸਾਂਦੇ ਤੇ ਖੁਸ਼ੀਆਂ ਵੰਡਿਆ ਕਰਦੇ ਸਨ ਅਤੇ ਨਾਮ-ਰੰਗ ਦੀਆਂ ਪਿਚਕਾਰੀਆਂ ਚਲਾ ਕੇ ਦੋਵੇਂ ਜਹਾਨ ਨਾਮ-ਰੰਗ ਨਾਲ ਰੰਗ ਦੇਂਦੇ ਸਨ। ਹੋਲੇ-ਮਹੱਲੇ ਦੇ ਦੀਵਾਨ ਵਿੱਚ ਸੀ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਬੀਰ ਰਸ ਦੀ ਬਾਣੀ ਤੇ ਬੀਰ-ਰਸ ਨਾਲ ਭਿੱਜੇ ਕਵੀਆਂ ਦੇ ਕਬਿੱਤ ਤੇ ਸਵੱਯੇ ਵੀ ਗਾਏ ਜਾਂਦੇ ਸਨ। ਅੱਜ ਵੀ ਇਸ ਮੌਕੇ ਦੇ ਸੰਬੰਧ ਵਿੱਚ ਪੰਥਕ-ਕਵੀ ਭਾਈ ਪਿਆਰਾ ਸਿੰਘ 'ਨਿਰਛਲ' ਦੀ ਕਵਿਤਾ "ਖ਼ੂਨ ਦੀਆਂ ਹੋਲੀਆਂ" ਦੀਆਂ ਕੁਝ ਸਤਰਾਂ ਪੜ੍ਹਨ ਯੋਗ ਹਨ—

ਬੀਰਤਾ ਦੇ ਜੌਹਰ ਦਸੇ ਵਾਂਗ ਪਰਵਾਨਿਆਂ ਦੇ ਨਿਤਰੇ ਮੈਦਾਨ ਵਿੱਚ ਬਣ ਬਣ ਟੋਲੀਆਂ।
ਵਿੱਚ ਨਨਕਾਣੇ ਭਾਵੇਂ ਭੁੱਜ ਗਏ ਸੀ ਵਾਂਗ ਦਾਣੇ, ਹੱਸ ਹੱਸ ਖੇਡ ਗਏ ਉਹ ਖ਼ੂਨ ਵਿਚ ਹੋਲੀਆਂ। ❋


www.AKJ.Org

# ਧੰਨੈ ਸੇਵਿਆ ਬਾਲ ਬੁਧਿ

[ਪ੍ਰਿੰਸੀਪਲ ਗੁਰਮੁਖ ਸਿੰਘ ਜੀ]

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਵਿਚ ਪੰਨਾ ੧੧੯੨ ਤੇ ਭਗਤਾਂ ਦੀਆਂ ਜ਼ੀਵਨ-ਝਾਕੀਆਂ ਇਕ ਇਕ ਲਾਈਨ ਵਿਚ ਦੇ ਕੇ ਸਾਡੇ ਲਈ ਪੂਰਨੇ ਪਾ ਕੇ ਪ੍ਰੇਰਦ ਹਨ ਕਿ ਹ ਮਨ ! ਤੂੰ ਭੀ ਪਿਆਰ ਨਾਲ ਪ੍ਰਭੂ ਦਾ ਨਾਮ ਜਪ।

ਸੁਣਿ ਸਾਖੀ ਮਨ ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥
ਬਾਲਮੀਕੈ ਹੋਆ ਸਾਧ ਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥...
ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ॥੫॥ ..
ਜਿਹ ਅਨੁਗ੍ਰਹੁ ਠਾਕੁਰ ਕੀਓ ਆਪਿ ॥ ਸੇ ਤੈਂ ਲੀਨੇ ਭਗਤ ਰਾਖਿ ॥
ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥
ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥
ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥

ਭਗਤ ਧੰਨੇ ਬਾਰੇ ਪ੍ਰਚਲਤ ਸਾਖੀ ਹੈ—ਧੰਨਾ ਇਕ ਭੋਲਾ ਭਾਲਾ ਜੱਟ ਸੀ, ਗਊਆਂ ਮੱਝਾਂ ਚਾਰਦਾ ਇਕ ਵਾਰੀ ਉਸਨੇ ਬ੍ਰਾਹਮਣ ਨੂੰ ਠਾਕਰਾਂ ਦੀ ਪੂਜਾ ਕਰਦਾ ਕਿਤੇ ਵੇਖਿਆ ਤਾਂ ਪੁਛਿਓ ਸੁ, ਇਹ ਪੂਜਾ ਕਿਸ ਲਈ ਕਰਦਾ ਹੈਂ ? ਬ੍ਰਾਹਮਣ ਨੇ ਉਤਰ ਦਿੱਤਾ ਕਿ ਠਾਕਰ ਜੇਕਰ ਪ੍ਰਸਨ ਹੋ ਜਾਵੇ ਤਾ ਮਨ-ਇੱਛੇ ਫਲ ਦਿੰਦਾ ਹੈ। ਧੰਨੇ ਨੇ ਜ਼ਿਦੜੀ ਕੀਤੀ ਕਿ ਇਕ ਠਾਕਰ ਮੈਨੂੰ ਭੀ ਦੇ ਦੇ, ਮੈਂ ਭੀ ਸੇਵਾ ਕਰਾਂਗਾ। ਬ੍ਰਾਹਮਣ ਨੇ ਮੂਰਖ ਜੱਟ ਨੂੰ ਮਗਰੋਂ ਲਾਹੁਣ ਲਈ ਇਕ ਪੱਥਰ ਕਪੜੇ ਵਿਚ ਲਪੇਟ ਕੇ ਉਸਨੂੰ ਦੇ ਦਿੱਤਾ। ਧੰਨੇ ਬੜੀ ਸ਼ਰਧਾ, ਪ੍ਰੇਮ ਅਤੇ ਵਿਸ਼ਵਾਸ

---

ਬੜੇ ਬੜੇ ਝੱਖੜ ਤੂਫਾਨ ਝੁਲੇ ਇਹਨਾਂ ਉਤੇ, ਸਿਰ ਧਰ ਤਲੀ ਉਤ ਪਾਈਆਂ ਇਹਨਾਂ ਬੋਲੀਆਂ।
ਵੈਰੀਆਂ ਦੇ ਲਹੂ ਵਿੱਚ ਕੀਤਾ ਇਸ਼ਨਾਨ ਇਨ੍ਹਾਂ, ਖੂਨ ਵਿੱਚ ਰੰਗੀਆਂ ਸਰੀਰਾਂ ਦੀਆਂ ਚੋਲੀਆਂ।
ਖਿੜ ਮੱਥੇ ਗੋਲੀਆਂ ਖਾ ਕੇ ਸੂਰਬੀਰ ਯੋਧਿਆਂ ਨੇ, ਕੀਤੀਆਂ ਸ਼ਾਸਕਾਂ ਦੀਆਂ ਜੜ੍ਹਾਂ ਇਹਨਾਂ ਪੋਲੀਆਂ।
ਵੱਡੇ ਵੱਡੇ ਖਾਨਾਂ ਬਲਵਾਨਾਂ, ਬੇਈਮਾਨਾਂ ਦੀਆਂ, ਵੱਢ ਵੱਢ ਸਿਰੀਆਂ ਸੀ ਪੈਰਾਂ ਵਿੱਚ ਰੋਲੀਆਂ।
ਹਿੱਕ ਤਾਣ ਸਾਹਵੇਂ 'ਨਿਰਛਲ' ਮੌਤ ਦੇ ਖਲੋਂਦੇ ਰਹੇ ਪਿੱਠ ਤੇ ਨਹੀਂ, ਸੀਨੇ ਵਿੱਚ ਖਾਧੀਆਂ ਨੇ ਗੋਲੀਆਂ।
ਬੰਦ ਬੰਦ ਕੱਟੇ ਭਾਵੇਂ ਚੜ੍ਹ ਗਏ ਉਹ ਚਰਖੀਆਂ ਤੇ, ਖੇਡਦੇ ਰਹੇ ਹੱਸ ਹੱਸ ਖੂਨ ਵਿੱਚ ਹੋਲੀਆਂ।

ਅੱਜ ਵੀ ਹੋਲੇ ਮਹੱਲੇ ਦਾ ਰਿਵਾਜ ਉਸੇ ਤਰ੍ਹਾਂ ਚਲਿਆ ਆਉਂਦਾ ਹੈ, ਅਨੰਦਪੁਰ ਸਾਹਿਬ ਤੋਂ ਛੁੱਟ ਅੰਮ੍ਰਿਤਸਰ ਵਿੱਚ ਵੀ ਨਿਸ਼ਾਨ ਸਾਹਿਬ ਦੀ ਤਾਬਿਆ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਹੱਲਾ ਚੜ੍ਹਦਾ ਹੈ। ਸਾਰੇ ਸ਼ਹਿਰ ਦੀ ਪਰਕਰਮਾਂ ਕਰਦਾ ਹੋਇਆ ਬੁਰਜ ਬਾਬਾ ਫੂਲਾ ਸਿੰਘ ਵਿੱਚ ਸਮਾਪਤ ਹੁੰਦਾ ਹੈ। ਇਹ ਖਾਲਸੇ ਦੀ ਸਦਾ ਚੜ੍ਹਦੀਆਂ ਕਲਾ ਦਾ ਪ੍ਰਤੀਕ ਹੈ, ਪਰ ਅਫਸੋਸ ਹੁੰਦਾ ਹੈ, ਜਦੋਂ ਕਈ ਵਾਰੀ ਕੁਝ ਸਿੱਖ ਨੌਜਵਾਨ ਵੀ ਵੇਖਾ-ਵੇਖੀ ਖੇਹ ਉਡਾਂਦੇ ਤੇ ਨਸ਼ਿਆਂ ਦੇ ਸੇਵਨ ਕਰਦੇ ਹਨ। ਇਸ ਤਰ੍ਹਾਂ ਸਮੁੱਚੀ ਕੌਮ ਦਾ ਸਿਰ ਨੀਵਾਂ ਹੁੰਦਾ ਹੈ। ਆਪਣੇ ਅਸਲੇ ਨੂੰ ਪਹਿਚਾਨਣ ਦੀ ਅਤੀ ਲੋੜ ਹੈ। ਅੱਜ ਜਿਸ ਦੌਰ ਵਿਚੋਂ ਕੌਮ ਲੰਘ ਰਹੀ ਹੈ ਸਾਨੂੰ ਆਪਣੇ ਨਿਆਰੇ-ਪਣ ਦਾ ਸਬੂਤ ਦੇ ਕੇ ਕਲਗੀਧਰ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਤੇ ਅਸੀਸਾਂ ਪ੍ਰਾਪਤ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਪਰ ਜੇ ਅਸੀਂ 'ਬਿਪਰਨ ਕੀ ਰੀਤ' ਅਖ਼ਤਿਆਰ ਕਰਾਂਗੇ ਤਾਂ ਬਾਜਾਂ ਵਾਲਾ ਸਤਿਗੁਰੂ ਸਾਡੀ 'ਪ੍ਰਤੀਤ' ਨਹੀਂ ਕਰੇਗਾ।

ਨਾਲ ਚਾਈਂ ਚਾਈਂ ਉਸ ਨੂੰ ਇਸ਼ਨਾਨ ਕਰਾਇਆ, ਛਾਹ ਰੋਟੀ ਅਗੇ ਰਖੀ ਤੇ ਲਗਾ ਜੋਦੜੀਆਂ ਕਰਨ। ਭਾਈ ਗੁਰਦਾਸ ਜੀ ਨੇ ਇਉਂ ਲਿਖਿਆ ਹੈ—

ਹੱਥ ਜੋੜਿ ਮਿਨਤ ਕਰੈ, ਪੈਰੀ ਪੈ ਪੈ ਬਹੁਤ ਮਨਾਵੈ ॥
ਹਉ ਭੀ ਮੂਹੁ ਨ ਜੁਠਾਲਸਾਂ, ਤੂ ਰੁਠਾ ਮੈ ਕਿਹੁ ਨ ਸੁਖਾਵੈ ॥
ਗੋਸਾਈ ਪਰਤਖਿ ਹੋਇ, ਰੋਟੀ ਖਾਇ ਛਾਹਿ ਮੁਹਿ ਲਾਵੈ ॥
ਭੋਲਾ ਭਾਉ ਗੋਬਿੰਦ ਮਿਲਾਵੈ ॥ (ਵਾਰ ੧੦—੧੩)

'ਭੋਲਾ ਭਾਉ ਗੋਬਿੰਦ ਮਿਲਾਵੈ' ਅੰਤਲੀ ਤੁਕ ਵਿਚ ਭਾਈ ਗੁਰਦਾਸ ਜੀ ਨੇ ਇਸ ਸਾਖੀ ਦਾ ਸ਼ਿਧਾਂਤ ਦਿਤਾ ਹੈ।

ਗੁਰੂ ਰਾਮਦਾਸ ਜੀ ਭੀ ਫੁਰਮਾਉਂਦੇ ਹਨ—

ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ, ਗੁਰ ਸਤਿਗੁਰੁ ਪਾਧਾ, ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ਰਹਾਉ॥੫੧॥
(ਪੰਨਾ ੧੬੮)

ਇਸ ਸਮੁਚੇ ਸ਼ਬਦ ਵਿਚ ਕਈ ਮਿਸਾਲਾਂ ਦੇ ਕੇ ਸਮਝਾਇਆ ਹੈ ਕਿ ਸਤਿਗੁਰ ਸਿਖ ਦੀ ਹਲਤ ਅਤੇ ਪਲਤ ਵਿਚ ਸਦਾ ਪ੍ਰਤਿਪਾਲਨਾ ਕਰਦਾ ਹੈ। ਪਰ ਸ਼ਰਤ ਇਕੋ ਹੈ ਜੇ ਸਿਖ 'ਬਾਲਕ' ਬਣ ਕੇ ਜੀਵੇ। ਬਾਰਕ ਬਣ ਕੇ ਉਹ ਸਤਿਗੁਰਾਂ ਦੀ ਗੋਦ ਵਿਚ ਬੈਠ ਕੇ ਪਿਆਰ ਲੈ ਸਕਦੈ, ਭਾਵੇਂ ਉਸਦੇ 'ਸੰਸਾਰੀ ਕਪੜੇ' ਕਿਤਨੇ ਮੈਲੇ-ਫਟੇ ਹੋਣ। ਇਕ ਮਾਮੂਲੀ ਜਿਹਾ ਘਾਹੀ ਜਹਾਂਗੀਰ ਦੇ ਸਾਹਮਣੇ ਭੁਲ ਵਿਚ ਟੱਕਾ ਰਖ ਕੇ ਚੁਕ ਕੇ ਲਿਆ ਸਕਦੈ ਅਤੇ ਉਹ ਘਾਹੀ ਸੱਚੇ ਪਾਤਸ਼ਾਹ ਦੀ ਗੋਦ ਵਿਚ ਭੀ ਬੈਠ ਸਕਦਾ ਹੈ। ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚ ਜੋ 'ਭਾਉ' ਦਾ ਰਸ ਸੀ, ਉਹ ਮਲਕ ਭਾਗੋ ਦੀਆਂ ਚੋਪੜੀਆਂ ਵਿਚ ਕਿਥੇ? ਬਿਦਰ (ਦਾਸੀ ਸੁਤ) ਦਾ ਸਾਗ ਭੀ ਪਿਆਰ ਵਿਚ ਖੀਰ ਸਮਾਨ ਲਗਦਾ ਹੈ, ਕਿਉਂਕਿ ਉਸਦੇ ਅੰਦਰ ਭਾਉ ਸੀ—

ਰਾਜਨ ਕਉਨੁ ਤੁਮਾਰੈ ਆਵੈ ॥
ਐਸੋ ਭਾਉ ਬਿਦਰ ਕੋ ਦੇਖਿਓ, ਓਹੁ ਗਰੀਬੁ ਮੋਹਿ ਭਾਵੈ ॥੧॥ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ, ਸ੍ਰੀ ਭਗਵਾਨੁ ਨ ਜਾਨਿਆ ॥
ਤੁਮਰੋ ਦੂਧੁ ਬਿਦਰ ਕੋ ਪਾਨੋ, ਅੰਮ੍ਰਿਤੁ ਕਰਿ ਮੈ ਮਾਨਿਆ ॥੧॥
ਖੀਰ ਸਮਾਨਿ ਸਾਗੁ ਮੈ ਪਾਇਆ, ਗੁਨ ਗਾਵਤ ਰੈਨਿ ਬਿਹਾਨੀ ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥੨॥੯॥(ਮਾਰੂ ਕਬੀਰ ਜੀ, ੧੧੦੫

ਰਵਾਇਤ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇਕ ਸ਼ਰਧਾਲੂ ਸਿੱਖ ਹਾਜ਼ਰ ਹੋਇਆ। ਉਸ ਨੇ ਗੁਰਬਾਣੀ ਪੜ੍ਹਨ ਦੀ ਇਛਾ ਪਰਗਟ ਕੀਤੀ। ਸਤਿਗੁਰਾਂ ਨੇ ਉਸਨੂੰ ਕਿਸੇ ਸਿੱਖ ਪਾਸ ਸੰਥਿਆ ਲੈਣ ਲਈ ਘੱਲ ਦਿੱਤਾ। ਉਸ ਸਿੱਖ ਨੇ ਪਹਿਲੇ ਦਿਨ ਅਨੰਦ ਸਾਹਿਬ ਦੀ ਬਾਣੀ ਦੀ ਸੰਥਿਆ ਲਈ। ਉਸ ਤੋਂ ਮਗਰੋਂ ਉਹ ਪੜ੍ਹਨ ਨਹੀਂ ਗਿਆ। ਸਤਿਗੁਰਾਂ ਨੇ ਇਕ ਦਿਨ ਉਸ ਤੋਂ ਪੁੱਛਿਆ, ਕਿਉਂ ਭਈ ਸਿੰਘਾ, ਪੜ੍ਹਨ ਜਾਂਦਾ ਹੁੰਦਾ ਹੈਂ? ਸਿੰਘ ਦਾ ਉੱਤਰ ਸੀ, "ਸੱਚੇ ਪਾਤਸ਼ਾਹ! ਮੈਂ ਕੇਵਲ ਇਕ ਦਿਨ ਹੀ ਪੜ੍ਹਨ ਗਿਆ ਸਾਂ, ਉਸ ਤੋਂ ਮਗਰੋਂ ਪੜ੍ਹਨ ਨਹੀਂ ਗਿਆ।" ਤਾਂ ਮਹਾਰਾਜ ਨੇ ਕਾਰਨ ਪੁਛਿਆ। ਸਿੰਘ ਕਹਿਣ ਲਗਾ, "ਪਹਿਲੇ ਦਿਨ ਹੀ ਉਹ ਵਸਤੂ ਪ੍ਰਾਪਤ ਹੋ ਗਈ ਸੀ ਜਿਸ ਦੀ ਭਾਲ ਵਿਚ ਮੈਂ ਆਪ ਜੀ ਦੇ ਦਰਬਾਰ ਵਿਚ ਆਇਆ ਹਾਂ। ਬਾਣੀ ਨੇ ਪਹਿਲੇ ਦਿਨ ਹੀ ਸੋਝੀ ਬਖਸ਼ ਦਿਤੀ —ਅਨੰਦੁ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ॥ (ਪੰਨਾ ੯੧੭)

ਸਤਿਗੁਰੂ ਮਿਲ ਗਿਆ ਅਤੇ ਅਨੰਦ ਦੀ ਪ੍ਰਾਪਤੀ ਹੋ ਗਈ। ਇਹੋ ਤਾਂ ਸਿੱਖ ਦਾ ਜੀਵਨ-ਮਨੋਰਥ ਹੈ।

ਇਸ ਨਿੱਕੀ ਜਿਹੀ ਘਟਨਾ ਵਿਚ ਬੜੀ ਡੂੰਘੀ ਸਚਾਈ ਲੁਕੀ ਹੋਈ ਹੈ। ਸਤਿਗੁਰੂ ਦੀ ਬਾਣੀ ਅੰਮ੍ਰਿਤ ਦਾ ਉਹ ਚਸ਼ਮਾ ਹੈ, ਜਿਸਦੀ ਮਿਠਾਸ ਨਾਲ ਮਨੁੱਖ ਦਾ ਅੰਦਰਲਾ ਨਿਰਮਲ ਹੋ ਜਾਂਦਾ ਹੈ ਅਤੇ ਇਨਸਾਨ ਸਦਾ ਖੇੜੇ


www.AKJ.Org

ਵਿਚ ਰਹਿੰਦਾ ਹੈ। ਪਹਿਲੀ ਰਹੱਸਮਈ ਗੱਲ ਇਹ ਹੈ—

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ, ਜੋ ਬੋਲੈ ਸੁ ਮੁਖਿ ਅੰਮ੍ਰਿਤੁ ਪਾਵੈ ॥ (ਪੰਨਾ ੪੯੪)

ਦੂਜੀ ਰਹੱਸਮਈ ਗੱਲ ਇਹ ਹੈ :—

ਜਿਨੀ ਗੁਰ ਕੈ ਬਚਨਿ ਆਰਾਧਿਆ, ਤਿਨ ਵਿਸਰਿ ਗਏ ਸਭਿ ਦੁਖਾ ॥
ਤੇ ਸੰਤ ਭਲੇ ਗੁਰਸਿਖ ਹੈ, ਜਿਨ ਨਾਹੀ ਚਿੰਤ ਪਰਾਈ ਚੁਖਾ ॥
ਧੰਨੁ ਧੰਨੁ ਤਿਨਾ ਕਾ ਗੁਰੂ ਹੈ, ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥ (ਪੰਨਾ ੫੮੮)

ਸਤਿਗੁਰੂ ਸਾਹਿਬਾਨ ਦੇ ਸਮੇ ਸਿੱਖਾਂ ਦਾ ਮੁਖ ਕਰਤੱਵ ਨਾਮ ਜਪਣ ਅਤੇ ਬਾਣੀ ਪੜ੍ਹਨ ਸੁਣਨ ਤੇ ਹੁੰਦਾ ਸੀ। ਨਿਤ ਅੰਮ੍ਰਿਤ ਵੇਲੇ ਜਾਗਣਾ, ਸਤਿ ਸੰਗਤ ਵਿਚ ਜਾਣਾ, ਅਤੇ ਕੀਰਤਨ ਸੁਣਨਾ ਸੁਨਾਣਾ। ਇਉਂ ਸਿੱਖ ਕਿਸੇ ਟਿਕਾਉ ਵਿਚ ਵਿਚਰਦਾ ਸੀ। ਸਮੁੱਚੀ ਬਾਣੀ ਸਹਜ ਅਵਸਥਾ ਵਿਚੋਂ ਸਫੁਰ ਹੋਈ ਹੈ ਅਤੇ ਜਿਉਂ ਜਿਉ ਸਿੱਖ ਇਸ ਨੂੰ ਪ੍ਰੇਮ ਨਾਲ ਪੜ੍ਹਦੇ ਸੁਣਦੇ ਸਨ, ਉਹ ਰਸ-ਲੀਨ ਹੋ, ਵਿਸਮਾਦੀ ਟਿਕਾਉ ਦਾ ਅਨੁਭਵ ਕਰਦੇ ਸਨ। ਇਤਿਹਾਸ ਗਵਾਹ ਹੈ, ਅਤੇ ਨਾਦਰ ਤੇ ਅਬਦਾਲੀ ਵਰਗੇ ਜਰਵਾਣੇ ਹੈਰਾਨ ਹੁੰਦੇ ਸਨ ਕਿ ਇਹਨਾਂ ਦੇ ਗੁਰੂ ਨੇ ਪਤਾ ਨਹੀਂ ਕੀ ਆਬੇ-ਹਿਆਤ (ਅੰਮ੍ਰਿਤ) ਇਹਨਾਂ ਨੂੰ ਪਿਆ ਛਡਿਆ ਹੈ, ਇਹ ਨ ਅਕਦੇ ਹਨ, ਨ ਥਕਦੇ ਹਨ, ਨ ਮਰਦੇ ਹਨ ਨ ਮੁਕਦੇ ਹਨ। ਉਹਨਾਂ ਅੰਮ੍ਰਿਤਸਰ ਦਾ ਸਰੋਵਰ ਭੀ ਇਸੇ ਭੁਲੇਖੇ ਵਿਚ ਹੀ ਪੂਰ ਛਡਿਆ ਸੀ, ਪਰ ਉਹਨਾਂ ਵਿਚਾਰਿਆਂ ਨੂੰ ਕੀ ਪਤਾ ਕਿ ਸਿੱਖ ਨੂੰ ਗੁਰੂ ਨੇ ਅੰਮ੍ਰਿਤ ਦਾ ਉਹ ਚਸ਼ਮਾ ਬਖਸ਼ ਦਿੱਤੈ ਜੋ ਕਦੀ ਨਹੀਂ ਸੁਕਣਾ, ਕਦੀ ਨਹੀਂ ਮੁਕਣਾ। ਉਹਨਾਂ ਉਤੇ ਕਿਤਨੀਆਂ ਸਖ਼ਤੀਆਂ ਹੋਈਆਂ, ਆਰੇ ਨਾਲ ਦੁਫਾੜ ਹੋਏ, ਚਰਖੜੀਆਂ ਤੇ ਚਾੜ੍ਹੇ ਗਏ, ਤੂੰਬਾ ਤੂੰਬਾ ਕਰ ਕੇ ਉਡਾਏ ਗਏ, ਬੰਦ ਬੰਦ ਵੀ ਕਟ ਕੇ ਦੇਖ ਲਿਆ; ਪਰ ਉਹਨਾਂ ਅੰਦਰੋਂ ਚੀਖ-ਪੁਕਾਰ ਦੀ ਥਾਂ ਬਾਣੀ ਦੀ ਆਵਾਜ਼ ਆਉਂਦੀ। ਵੱਡੇ ਘਲੂਘਾਰੇ ਤੋਂ ਮਗਰੋਂ ਜੋ ਸਿੱਖ ਬਚ ਗਏ, ਉਹਨਾਂ ਕੋਈ ਅਫ਼ਸੋਸ ਜਾਂ ਗਿਲਾ ਨਹੀਂ ਕੀਤਾ, ਸਗੋਂ ਇਹੋ ਕਿਹਾ, "ਜਿਨ੍ਹਾਂ ਦੀ ਸੇਵਾ ਥਾਂ ਪੈ ਗਈ ਉਹ ਗੁਰੂ ਪਾਸ ਚਲੇ ਗਏ ਹਨ, ਖਾਲਸਾ ਜੀ ਅਜੇ ਸਾਡੇ ਅੰਦਰ ਖੋਟ ਹੈ, ਬਾਣੀ ਪੜ੍ਹ ਕੇ ਖੋਟ ਦੂਰ ਹੋਵੇਗਾ ਤੇ ਪਰਵਾਨ ਹੋਵਾਂਗੇ।"

ਸਿੱਖ ਇਤਿਹਾਸਕਾਰ ਨੇ ਸਿੱਖ ਮਾਨਸਿਕਤਾ ਦੇ ਇਸ ਪਹਿਲੂ ਵਲ ਧਿਆਨ ਨਹੀਂ ਦਿੱਤਾ ਕਿ ਗੁਰੂ ਦੀ ਇਸ ਬਾਣੀ ਨੇ ਉਸਨੂੰ ਦੋ ਗੱਲਾਂ ਬਖਸ਼ੀਆਂ—

(ੳ) ਸਿੱਖ ਦਾ ਮਨ ਮਾਇਆ ਦੇ ਭਰਮ-ਭੁਲੇਖਿਆਂ, ਜਾਂ ਸੰਸਾਰੀ ਸਿਆਣਪਾਂ ਚਤਰਾਈਆਂ ਵਿਚ ਕਦੀ ਨਹੀਂ ਉਲਝਦਾ।

(ਅ) ਅੰਮ੍ਰਿਤ ਬਾਣੀ ਵਿਚੋਂ ਜੋ ਅੰਮ੍ਰਿਤ-ਰਸ ਰੂਹ ਨੂੰ ਮਿਲਦਾ ਹੈ, ਉਸ ਨਾਲ ਇਸ ਮਾਇਆਵੀ ਪਸਾਰੇ ਦੇ ਅਨਗਿਣਤ ਭੁਲ-ਭੁਲੱਈਆਂ ਵਿਚ ਵਿਚਰਦਿਆਂ ਹੋਇਆਂ ਭੀ ਗੁਰੂ ਅਤੇ ਅਕਾਲ ਪੁਰਖ ਦੀ ਹਜ਼ੂਰੀ ਤੋਂ ਕਦੀ ਵਾਂਝਾ ਨਹੀਂ ਰਹੀਦਾ!

ਘੋਰ ਜੰਗਾਂ ਯੁਧਾਂ ਸਮੇਂ ਭੀ ਅਖੰਡਪਾਠ ਜਾਂ ਆਸਾ ਕੀ ਵਾਰ ਦੇ ਕੀਰਤਨ, ਨਿੱਤ ਅੰਮ੍ਰਿਤ ਵੇਲੇ ਦੀ ਸੰਭਾਲ ਹੁੰਦੀ ਰਹੀ ਹੈ। ਇਹ ਸਭ ਗੱਲਾਂ ਦਸਦੀਆਂ ਹਨ ਕਿ ਪੁਰਾਤਨ ਸਿਘ ਪਰਤੱਖ ਹਜ਼ੂਰੀ ਤੋਂ ਕਦੀ ਨਹੀਂ ਵਿਛੁੜੇ। ਸੁਖ ਅਤੇ ਦੁਖ ਨੂੰ ਪ੍ਰੀਤਮ ਦੀ ਆਗਿਆ ਜਾਣਕੇ ਸਿਰ ਮੱਥੇ ਮੰਨਿਆ! ਸਦਾ ਭਾਣੇ ਵਿਚ ਅਡੋਲ ਰਹੇ। ਉਹ ਨਿਤ ਗਾਉਂਦੇ :—

ਜੋ ਸੁਖੁ ਦਰਸਨ ਪੇਖਤੇ ਪਿਆਰੇ, ਮੁਖ ਤੇ ਕਹਣੁ ਨ ਜਾਇ ॥੫॥
ਸਾਚੀ ਪ੍ਰੀਤਿ ਨ ਤੁਟਈ ਪਿਆਰੇ, ਜੁਗੁ ਜੁਗੁ ਰਹੀ ਸਮਾਇ ॥੬॥
ਜੋ ਤੁਧੁ ਭਾਵੈ ਸੋ ਭਲਾ ਪਿਆਰੇ, ਤੇਰੀ ਅਮਰੁ ਰਜਾਇ ॥੭॥
ਨਾਨਕ ਰੰਗਿ ਰਤੇ ਨਾਰਾਇਣੈ ਪਿਆਰੇ, ਮਾਤੇ ਸਹਜਿ ਸੁਭਾਇ ॥੮॥੨॥
ਸੁਖੁ ਦੁਖੁ ਤੇਰੀ ਆਗਿਆ ਪਿਆਰੇ, ਦੂਜੀ ਨਾਹੀ ਜਾਇ ॥੩॥
ਜੋ ਤੂ ਕਰਾਵਹਿ ਸੋ ਕਰੀ ਪਿਆਰੇ, ਅਵਰੁ ਕਿਛੁ ਕਰਣੁ ਨ ਜਾਇ ॥੪॥੩॥ (ਪੰਨਾ ੪੩੧-੩੨)


www.AKJ.Org

ਇਉਂ ਬਾਣੀ ਪੜ੍ਹ ਸੁਣ ਕੇ, ਸਤਿਗੁਰਾਂ ਦੇ ਸਮੇਂ ਭੀ ਅਤੇ ਉਹਨਾਂ ਦੇ ਜੋਤੀ ਜੋਤਿ ਸਮਾ ਜਾਣ ਤੋਂ ਲਗ ਪਗ ਸੌ ਸਾਲ ਤਕ ਸਿੱਖ-ਹਿਰਦਾ ਆਤਮ-ਰੰਗਾਂ ਅਤੇ ਚੜ੍ਹਦੀ ਕਲਾ ਵਿਚ ਵਿਚਰਦਾ ਰਿਹਾ। ਇਸ ਨੂੰ ਸਿੱਖ ਇਤਿਹਾਸ ਦਾ ਸੁਨਹਿਰੀ ਕਾਲ ਕਿਹਾ ਜਾ ਸਕਦਾ ਹੈ, ਕਿਉਂਕਿ ਸਿੱਖ ਸਤਿਗੁਰਾਂ ਤੋਂ ਰੂਹਾਨੀ ਸਿਖਿਆ ਪ੍ਰਾਪਤ ਕਰ ਕੇ ਇਕ ਬਹੁਤ ਵਡੇ ਸੰਘਰਸ਼ ਵਿਚਦੀ ਲੰਘ ਰਿਹਾ ਸੀ, ਜਿਸ ਸੰਘਰਸ਼ ਵਿਚ ਉਸਦਾ ਆਪਣਾ ਅਸਤਿਤਵ ਤਕ ਖ਼ਤਰੇ ਵਿਚ ਪੈ ਗਿਆ ਸੀ। ਪਰ ਉਸ ਸਮੇਂ ਭੀ ਉਹ ਬਾਲ ਬਧਿ ਵਰਗੀ ਮਾਸੂਮੀਅਤ ਤੇ ਕਾਇਮ ਰਿਹਾ, ਜਿਸਨੇ ਉਸ ਨੂੰ ਸੱਚੇ ਮਾਰਗ ਤੋਂ ਭਟਕਣੋਂ ਬਚਾਈ ਰਖਿਆ। ਪਰ ਅੱਜ ਸਿੱਖ ਮਾਸੂਮ ਨਹੀਂ ਰਿਹਾ, ਇਸ ਲਈ ਮਾਰਗ ਤੋਂ ਭਟਕ ਗਿਆ ਹੈ।

ਇਸ ਪੁਰਾਤਨ ਸੁਰਨ ਕਾਲ ਅੰਦਰ ਸਿੱਖ ਦੀ ਗੁਰੂ-ਭਗਤੀ ਦਾ ਸਰੂਪ ਪਿਤਾ ਅਤੇ ਬਾਲਕ ਦੇ ਪਿਆਰ ਵਾਲਾ ਸੀ। ਗੁਰਬਾਣੀ ਨੇ ਸਿੱਖ ਨੂੰ ਬਾਲ-ਬੁਧਿ-ਭਗਤੀ ਕਰਨ ਦੀ ਜਾਚ ਸਿਖਾਈ ਹੈ। ਗੁਰੂ ਰਾਮਦਾਸ ਜੀ ਦਾ ਕਥਨ ਹੈ–

ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ਰਹਾਉ॥
ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ, ਜਗਤ ਪਿਤ ਭਾਵਹਿਗੇ ॥੧॥ (ਪੰਨਾ ੧੩੨੧)

ਭਗਤ ਕਬੀਰ ਜੀ ਭੀ ਬਾਰਕ ਬਣ ਕੇ ਇਹੋ ਬਨਤੀ ਕਰਦੇ ਹਨ–

ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥੧॥
ਰਾਮਈਆ, ਹਉ ਬਾਰਿਕੁ ਤੇਰਾ ॥ ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ਰਹਾਉ॥
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥ ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥੧੨॥
(ਕਬੀਰ ਜੀ, ੪੭੮)

ਸੋਰਠਿ ਰਾਗ ਵਿਚ ਗੁਰੂ ਅਰਜਨ ਦੇਵ ਜੀ ਭੀ ਇਹੋ ਬੇਨਤੀ ਕਰਨ ਦੀ ਜਾਚ ਸਿਖਾਂਦ ਹਨ–

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ, ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥੬੨॥ (ਪੰਨਾ ੬੨੪-੨੫)

ਬਾਲ-ਬੁਧਿ-ਭਗਤੀ ਵਿਚ ਵਾਧਾ ਇਹ ਹੈ ਕਿ ਬਾਲਕ ਦੀ ਮਤਿ ਥੜੀ ਹੁੰਦੀ ਹੈ, ਉਸਦੀ ਬੁਧੀ ਦਾ ਘੇਰਾ ਸੀਮਤ ਹੁੰਦਾ ਹੈ। ਇਸ ਲਈ ਜੇ ਬੱਚਾ ਕੋਈ ਵੱਡੀ ਤੋਂ ਵੱਡੀ ਭੁਲ ਭੀ ਕਰ ਲਵੇ, ਮਾਤਾ ਪਿਤਾ ਉਸ ਉਤੇ ਤਰਸ ਖਾ ਕੇ ਝਿੜਕ-ਝੜਕ ਕੇ ਉਸ ਨੂੰ ਛਤੀ ਗਲੇ ਲਗਾ ਲੈਂਦੇ ਹਨ। ਇਹੋ ਇਕ ਕਰਤਾਰੀ ਨਿਯਮ ਹੈ।

ਗੁਰੂ ਅਰਜਨ ਦੇਵ ਜੀ ਇਸ ਦਾ ਜ਼ਿਕਰ ਇਉਂ ਕਰਦੇ ਹਨ–

ਚੰਚਲ ਮਤਿ ਬਾਰਿਕ ਬਪੁਰੇ ਕੀ, ਸਰਪ ਅਗਨਿ ਕਰ ਮੇਲੈ ॥
ਮਾਤਾ ਪਿਤਾ ਕੰਠਿ ਲਾਇ ਰਾਖੈ, ਅਨਦ ਸਹਜਿ ਤਬ ਖੇਲੈ ॥੨॥
ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥
ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ, ਮਨਿ ਬਾਛੈ ਸੋ ਲੈਸੀ ॥੩॥
ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ, ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥
ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ, ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥੪॥੨॥ (ਪੰਨਾ ੧੨੬੬)

ਪੁਰਾਤਨ ਸਿੱਖ ਇਸੇ ਬਾਲ-ਬੁਧਿ ਅਧੀਨ ਜਾਚਕ ਹੋ ਕੇ ਜਾਚਨਾ ਕਰਦਾ, "ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ," ਅਤੇ ਨਿੱਤ ਇਹੋ ਅਰਦਾਸ ਕਰਦਾ, "ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥"

ਪੁਰਾਤਨ ਸਿਖ, ਸਿਖ ਕੌਮ ਦੀ ਬਾਲ ਅਵਸਥਾ ਦਾ ਮੁਜੱਸਮ ਸੀ। ਇਹ ਗੱਲ ਪੂਰੀ ਦ੍ਰਿੜ੍ਹਤਾ ਨਾਲ ਤਾਂ ਨਹੀਂ ਕਹੀ ਜਾ ਸਕਦੀ ਕਿ ਭਾਈ ਲਾਲੋ ਤੋਂ ਲੈ ਕੇ ਭਾਈ ਕਨ੍ਹਈਆ ਤਕ ਦਾ ਲਗ ਪਗ ੨੦੦ ਸਾਲ ਦਾ ਪੈਂਡਾ,

ਜਾਂ ੫੦—੧੦੦ ਸਾਲ ਹੋਰ ਮਿਥ ਲਏ ਜਾਣ, ਇਸ ਸਮੱਚੇ ਸਮੇ ਅੰਦਰ ਭੋਲੇ ਭਾਲੇ ਸਿਖ-ਜੀਵਨ ਦੇ ਦਰਸ਼ਨ ਹੁੰਦੇ ਹਨ, ਜਿਨ੍ਹਾਂ ਵਿਚ ਆਪਾ ਮੇਟਣ ਅਤੇ ਆਪਾ ਵਾਰਨ ਵਲ ਵਧੇਰੇ ਉਦਮ ਦਿਖਾਈ ਦਿੰਦਾ ਹੈ। ਇਸ ਅਰਸੇ ਅੰਦਰ ਰੀਸਰਚ ਸਕਾਲਰ ਜਾਂ ਸੇਂਟ ਸਕਾਲਰ ਬਣਨ ਦੀ ਰੁਚੀ ਨਜ਼ਰ ਨਹੀਂ ਆਉਂਦੀ, ਸਗੋਂ ਕੇਵਲ ਗੁਰੂ-ਚਰਨਾਂ ਨਾਲ ਪ੍ਰੀਤ ਦੇ ਦਰਸ਼ਨ ਹੁੰਦੇ ਹਨ।

ਫਿਰ ਸਿੱਖ ਕੌਮ ਹੌਲੀ ਹੌਲੀ ਇਸ ਬਾਲ-ਬੁਧ ਤੋਂ ਨਿਕਲ ਕੇ ਜਵਾਨ ਹੋਣੀ ਸ਼ੁਰੂ ਹੋਈ। ਹੁਣ ਕੌਮ ਪੂਰੀ ਤਰ੍ਹਾਂ ਭਰ ਜੋਬਨ ਵਿਚ ਹੈ। ਹੁਣ ਸਿਖ ਬਾਲ-ਬੁਧਿ ਨਹੀਂ, ਸਗੋਂ ਸਿਆਣਾ ਬਣ ਗਿਆ ਹੈ। ਪਰ ਸਿਆਣਪਾਂ ਨੇ ਕੌਮ ਨੂੰ ਅਧੋਗਤੀ ਵਲ ਧਕੇਲਿਆ ਹੈ। ਇਹ ਠੀਕ ਹੈ ਕਿ ਮਨੁੱਖ ਇਕ ਵਿਚਾਰ-ਸ਼ੀਲ ਪ੍ਰਾਣੀ ਹੈ, ਪਰ ਕੀ ਅੱਜ ਅਸੀਂ ਸਿੱਖ ਨੂੰ ਬੋਧਕ ਵਿਕਾਸ ਤੋਂ ਹਟਾ ਸਕਦੇ ਹਾਂ ? ਨਹੀਂ। ਪੱਛਮੀ ਵਿਦਿਆ ਅਤੇ ਸਾਇੰਸ ਦੀਆਂ ਪ੍ਰਾਪਤੀਆਂ ਨੇ ਮਨੁਖ ਦੀ ਬੁਧੀ ਨੂੰ ਇਸ ਕਦਰ ਚੱਕਾ-ਚੌਂਧ ਕਰ ਦਿਤਾ ਹੈ ਕਿ ਉਸ ਲਈ ਦਿਸ ਰਹੀ ਕੁਦਰਤ ਵਿਚੋਂ ਕਾਦਰ ਅਲੋਪ ਹੈ ਤੇ ਉਹ ਪਰਤੱਖ ਦਿਸਦ ਕਾਦਰ ਤੋਂ ਅੱਖਾਂ ਮੀਟੀ ਬੈਠਾ ਹੈ। ਬਾਲ-ਬੁਧ ਦੇ ਸਮੇ ਵਿਚਰਨ ਵਾਲੇ ਗੁਰਸਿੱਖਾਂ ਨੂੰ ਸਦਾ ਕੁਦਰਤ ਵਿਚ ਕਾਦਰ ਦੇ ਪਰਤੱਖ ਦਰਸ਼ਨ ਹੁੰਦੇ ਸਨ, ਹੁਣ ਜਦੋਂ ਸਿਖ ਮਾਡਰਨ ਬਣ ਗਿਆ ਹੈ, ਉਸਨੂੰ ਕਾਦਰ ਦੇ ਦਰਸ਼ਨ ਨਹੀਂ ਹੁੰਦੇ। ਜਿਸ ਬੱਚੇ ਦੇ ਮਾਤਾ ਪਿਤਾ ਅਚਾਨਕ ਅਲੋਪ ਹੋ ਜਾਣ, ਉਸ ਬੱਚੇ ਦੀ ਮਾਨਸਿਕ ਦਸ਼ਾ ਕੀ ਹੁੰਦੀ ਹੈ ? ਇਸ ਵੱਲ ਧਿਆਨ ਦੇਣ ਦੀ ਲੋੜ ਹੈ—

> ਅਗੈ ਦੋਜਕੁ ਤਪਿਆ ਸੁਣੀਐ, ਹੂਲ ਪਵੈ ਕਾਹਾਹਾ ॥
> ਇਕਨਾ ਨੋ ਸਭ ਸੋਝੀ ਆਈ, ਇਕਿ ਫਿਰਦੇ ਵੇਪਰਵਾਹਾ ॥
> ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥ (੧੩੮੩)

ਅੱਜ ਸਿੱਖ ਸਿਆਣਾ ਤਾਂ ਹੈ, ਪਰ ਵੇਪਰਵਾਹ ਹੋ ਕੇ ਵਿਚਰ ਰਿਹਾ ਹੈ। ਉਹਨੂੰ ਕੁਦਰਤ ਵਿਚੋਂ ਕਾਦਰ ਦੇ ਅਲੋਪ ਹੋ ਜਾਣ ਦੀ ਕੋਈ ਘਾਟ ਮਹਿਸੂਸ ਨਹੀਂ ਹੋ ਰਹੀ। ਇਸ ਦਾ ਕਾਰਨ ਇਹੋ ਹੈ ਕਿ ਅੱਜ ਸਿਖ ਦੇ ਅੰਦਰੋਂ ਗੁਰ-ਦਰਸ਼ਨਾਂ ਦਾ ਚਾਅ, ਨਾਮ ਦੀ ਭੁਖ, ਆਤਮ ਵਿਗਾਸ, ਅਤੇ ਅੰਦਰਲਾ ਖੇੜਾ ਅਲੋਪ ਹੋ ਗਿਆ ਹੈ। ਅੱਜ ਉਸਨੂੰ ਦਾਤਿ ਪਿਆਰੀ ਹੋ ਰਹੀ ਹੈ, ਦਾਤਾਰ ਵਿਸਰ ਗਿਆ ਹੈ। ਇਸ ਵਿਗੜੀ ਦਾ ਇਲਾਜ ਇਕੋ ਹੀ ਹੈ ਕਿ ਸਿਆਣਪ ਜਾਂ ਤਰਕ ਛੱਡ ਕੇ, ਮੁੜ ਕੇ (ਗੁਰੂ ਨਾਲ) ਸ਼ਬਦ-ਗੁਰੂ ਨਾਲ ਵਿਅਕਤੀਗਤ ਰੂਪ ਵਿਚ ਪਿਤਾ ਬਾਲਕ ਵਾਲਾ ਸੰਬੰਧ ਕਾਇਮ ਕਰੇ।

> ਛੋਡਿ ਸਿਆਣਪ ਹੋਇ ਇਆਣਾ ॥ (ਭਾ: ਗੁਰਦਾਸ ਜੀ, ਵਾਰ ੧੨—੩)
> ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
> ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ, ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ਰਹਾਉ॥੧੫॥
> (ਪੰਨਾ ੧੬੮)

---


## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ | ਸੇਵਾ ਸਿੰਘ ਭਾਰਤੀ |
| ੬. ਮਾਲਕ | ਅਖੰਡ ਕੀਰਤਨੀ ਜਥਾ |
| | ਜਥੇਦਾਰ ਭਾਈ ਰਾਮ ਸਿੰਘ ਜੀ ਸੁਕੇਂਡਰਨ ਲੀਡਰ (ਰੀ:) |
| | ੧੦੨, ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧-੩-੯੩ ਦਸਖ਼ਤ ਪਬਲਿਸ਼ਰ—ਸੇਵਾ ਸਿੰਘ


www.AKJ.Org

# ਸਤਿਗੁਰੂ ਤੋਂ ਘੁੱਥੇ

[ਪ੍ਰੋਫੈਸਰ ਹਰਬੰਸ ਸਿੰਘ ਜੀ, ਲੁਧਿਆਣਾ]

ਆਮ ਦੇਖਣ ਵਿੱਚ ਆਉਂਦਾ ਹੈ ਕਿ ਆਪਣੇ ਆਪ ਨੂੰ ਸਿੱਖ ਕਹਾਉਣ ਵਾਲੇ ਬਹੁਤੇ ਲੋਕ ਸਤਿਗੁਰੂ ਤੋਂ ਘੁੱਥੇ, ਨਿਗੁਰੇ ਹੀ ਫਿਰ ਰਹੇ ਹਨ। ਸਿੱਖਾਂ ਦੇ ਘਰ ਜਨਮ ਲੈਣ ਸਦਕਾ ਉਹ ਆਪਣੇ ਆਪ ਨੂੰ ਸਿੱਖ ਤਾਂ ਅਖਵਾਉਂਦੇ ਹਨ, ਪਰ ਉਨ੍ਹਾਂ ਦੀ ਸ਼ਕਲ ਸੂਰਤ, ਬੋਲ ਚਾਲ ਅਤੇ ਰਹਿਣੀ ਬਹਿਣੀ ਤੋਂ ਗੁਰਸਿੱਖੀ ਦੀ ਖੁਸ਼ਬੂ ਨਹੀਂ ਆਉਂਦੀ। ਬਹੁਤੇ ਤਾਂ ਸ਼ਕਲ ਸਰਤ ਤੋਂ ਹੀ ਸਿੱਖ ਨਜ਼ਰ ਨਹੀਂ ਆਉਂਦੇ, ਕਿਉਂਕਿ ਨਾ ਹੀ ਉਨ੍ਹਾਂ ਦੀ ਸਾਬਤ ਸੂਰਤਿ ਅਤੇ ਨਾ ਹੀ ਸਿਰ ਦਸਤਾਰ। ਬਹੁਤ ਸਾਰੇ ਕੇਸ ਵੀ ਰੱਖਦੇ ਹਨ ਅਤੇ ਦਸਤਾਰ ਵੀ ਬੰਨ੍ਹਦੇ ਹਨ, ਪਰ ਉਨ੍ਹਾਂ ਦੀ ਗੁਰਸਿੱਖਾਂ ਵਾਲੀ ਰਹਿਤ ਬ੍ਰਹਿਤ ਨਹੀਂ। ਉਹ ਜਾਂ ਤੇ ਨਿਗੁਰੇ ਹਨ, ਉਨ੍ਹਾਂ ਨੇ ਹਾਲੇ ਤਾਈਂ ਖੰਡੇ ਦੀ ਪਾਹੁਲ ਨਹੀਂ ਲਈ ਅਰਥਾਤ, ਅੰਮ੍ਰਿਤ ਛਕ ਕੇ ਗੁਰੂ ਵਾਲੇ ਨਹੀਂ ਬਣੇ, ਜਾਂ ਫਿਰ ਕੁਰਹਿਤਾਂ ਵਿੱਚ ਫਸ ਕੇ ਪਤਿਤ ਹੋ ਗਏ ਹਨ, ਸਤਿਗੁਰੂ ਤੋਂ ਮੂੰਹ ਫੇਰ ਲਿਆ ਹੈ ਅਤੇ ਆਨਮਤੀਆਂ ਵਿੱਚ ਜਾ ਰਲੇ ਹਨ।

ਸਹੀ ਅਰਥਾਂ ਵਿਚ ਸਿੱਖ ਉਹੀਓ ਹੀ ਹੈ ਜਿਸਨੇ ਸਤਿਗੁਰੂ ਦਾ ਪੱਲਾ ਫੜਿਆ ਹੈ, ਸਤਿਗੁਰੂ ਦੇ ਲੜ ਲੱਗਿਆ ਹੈ, ਆਪਣੇ ਮਨ ਦੀ ਮਤਿ ਤਿਆਗ ਕੇ ਗੁਰ-ਦਰਸਾਈ ਰਹਿਤ ਰਹਿਣੀ ਵਿੱਚ ਰਹਿੰਦਾ ਹੋਇਆ ਗੁਰੂ ਦੀ ਕਾਰ ਕਰਦਾ ਅਰਥਾਤ ਸੇਵਾ ਸਿਮਰਨ ਵਾਲਾ ਜੀਵਨ ਬਤੀਤ ਕਰਦਾ ਹੈ, ਧਰਮ ਦੀ ਕਿਰਤ ਕਰਦਾ ਹੈ, ਵੰਡ ਛਕਦਾ ਹੈ ਅਤੇ ਨਾਮ ਜਪਦਾ ਹੈ। ਸਤਿਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ—

ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ, ਫਿਰਿ ਫਿਰਿ ਪਛੋਤਾਵੈ ॥੧॥ (ਪੰਨਾ ੬੦੧-੦੨)

(ਹੇ ਭਾਈ! ਉਹੀ ਮਨੁੱਖ ਗੁਰੂ ਦਾ ਸਿੱਖ, ਮਿੱਤਰ, ਰਿਸ਼ਤੇਦਾਰ ਹੈ ਜਿਹੜਾ ਗੁਰੂ ਦੀ ਰਜ਼ਾ (ਕਹਿਣੇ) ਵਿੱਚ ਤੁਰਦਾ ਹੈ, ਪਰ ਜਿਹੜਾ ਮਨੁੱਖ ਆਪਣੀ ਮਰਜ਼ੀ ਅਨੁਸਾਰ ਚਲਦਾ ਹੈ ਉਹ ਪ੍ਰਭੂ ਤੋਂ ਵਿੱਛੁੜ ਕੇ ਦੁਖ ਸਹਿੰਦਾ ਹੈ। ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਮਨੁੱਖ ਕਦੇ ਸੁੱਖ ਨਹੀਂ ਪਾ ਸਕਦਾ ਅਤੇ ਮੁੜ ਮੁੜ ਦੁਖੀ ਹੋ ਕੇ ਪਛਤਾਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪੀ "ਸਿੱਖ ਰਹਿਤ ਮਰਯਾਦਾ" ਅਨੁਸਾਰ—

"ਜੋ ਇਸਤ੍ਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ **ਸਿੱਖ** ਹੈ।"

ਗੁਰਸਿੱਖ ਦੀ ਰਹਿਤ ਬਾਰੇ ਭਾਈ ਦੇਸਾ ਸਿੰਘ ਜੀ ਲਿਖਤ ਰਹਿਤਨਾਮੇ ਵਿਚ ਇਉਂ ਲਿਖਿਆ ਹੋਇਆ ਹੈ—

ਪ੍ਰਥਮ ਰਹਿਤ ਯਹਿ ਜਾਨ, **ਖੰਡੇ ਕੀ ਪਾਹੁਲ ਛਕੇ।**
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।
ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ, ਤਾਂ ਕੋ ਸਿਰ ਧਰ ਛਕ ਪੁਨ ਲੇਵੈਂ।
ਪੁਨ ਮਿਲ ਪਾਂਚੋ ਰਹਿਤ ਜੁ ਭਾਖੈਂ, ਤਾਂ ਕੋ ਮਨ ਮੋਂ ਦ੍ਰਿੜ੍ਹ ਕਰ ਰਾਖੈਂ।......
'ਰਹਿਣੀ ਰਹੈ ਸੋਈ ਸਿੱਖ ਮੇਰਾ, ਓਹ ਠਾਕੁਰ ਮੈਂ ਉਸ ਕਾ ਚੇਰਾ।"......
ਰਹਿਤ ਬਿਨਾਂ ਨਹਿ ਸਿੱਖ ਕਹਾਵੈ। ਰਹਿਤ ਬਿਨਾਂ ਦਰ ਚੋਟਾਂ ਖਾਵੈ।
ਰਹਿਤ ਬਿਨਾਂ ਸੁਖ ਕਬਹੂੰ ਨ ਲਹੈ। ਤਾਂ ਤੇ ਰਹਿਤ ਸੁ ਦ੍ਰਿੜ੍ਹ ਕਰ ਗਹੈ।

ਇਸ ਦਾ ਭਾਵ ਇਹ ਹੋਇਆ ਕਿ ਗੁਰੂ ਦਾ ਸਿੱਖ ਉਹ ਹੈ ਜਿਹੜਾ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲਗਦਾ ਹੈ, ਆਪਣੇ ਗੁਰੂ ਦੇ ਹੁਕਮਾਂ ਅੰਦਰ ਚਲਦਾ ਹੋਇਆ ਗੁਰਮੁਖ ਕਹਾਉਂਦਾ ਹੈ। ਜਿਹੜਾ ਮਨੁੱਖ ਆਪਣੇ ਮਨ ਦੀ


www.AKJ.Org

ਮਤਿ ਅਨੁਸਾਰ ਚਲਦਾ ਹੈ, ਉਹ ਮਨਮੁਖ ਹੈ ਅਤੇ ਗੁਰੂ ਤੋਂ ਵਿਛੁੜਿਆ ਹੋਇਆ ਦਰ ਦਰ ਦੀਆਂ ਚੋਟਾਂ ਖਾਂਦਾ ਹੈ। ਨਿਗੁਰੇ ਬੰਦਿਆਂ ਨੂੰ ਇਹ ਅਹਿਸਾਸ ਹੀ ਨਹੀਂ ਕਿ ਅੰਮ੍ਰਿਤ ਛਕਣਾ, ਗੁਰੂ ਲੜ ਲੱਗਣਾ ਕਿਉਂ ਜ਼ਰੂਰੀ ਹੈ ? ਉਨ੍ਹਾਂ ਨੂੰ ਤੇ ਆਪਣੇ ਜੀਵਨ ਦੇ ਸਹੀ ਉਦੇਸ਼ (ਮਨੋਰਥ) ਦਾ ਹੀ ਪਤਾ ਨਹੀਂ। ਉਹ ਖਾਣਾ, ਪੀਣਾ ਸੌਣਾ ਹੀ ਜਾਣਦੇ ਹਨ, ਮਾਇਆ-ਜਾਲ ਵਿੱਚ ਫਸੇ ਪਰਮਾਤਮਾ ਨੂੰ ਭੁੱਲੇ ਬੈਠੇ ਹਨ। ਉਹ ਇਹ ਵੀ ਭੁੱਲੇ ਬੈਠੇ ਹਨ ਕਿ ਇਹ ਦੁਨੀਆ ਤਾਂ ਚਾਰ ਦਿਨ ਦਾ ਮੇਲਾ ਹੀ ਹੈ। ਪਸ਼ੂ ਪੰਛੀਆਂ ਤੇ ਉਨ੍ਹਾਂ ਵਿਚ ਕੋਈ ਬਹੁਤਾ ਫ਼ਰਕ ਨਜ਼ਰ ਨਹੀਂ ਆਉਂਦਾ। ਨਿਰਾ ਖਾਣ ਪੀਣ, ਹੱਸਣ ਤੇ ਸੌਣ ਦੇ ਆਹਰਾਂ ਵਿੱਚ ਰਹਿਆਂ ਜੀਵ ਨੂੰ ਮੌਤ ਭੁੱਲ ਜਾਂਦੀ ਹੈ, ਪ੍ਰਭੂ-ਪਤੀ ਨੂੰ ਵਿਸਾਰ ਕੇ ਜੀਵ ਉਹ ਉਹ ਕੰਮ ਕਰਦਾ ਰਹਿੰਦਾ ਹੈ ਜੋ ਇਸ ਦੀ ਖੁਆਰੀ ਦਾ ਕਾਰਨ ਬਣਦੇ ਹਨ। ਪ੍ਰਭੂ ਨੂੰ ਵਿਸਾਰ ਕੇ ਜੀਉਣਾ ਫਿਟਕਾਰ ਯੋਗ ਹੋ ਜਾਂਦਾ ਹੈ। ਇੱਥੇ ਸਦਾ ਕਿਸੇ ਨੇ ਵੀ ਟਿਕੇ ਨਹੀਂ ਰਹਿਣਾ। ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਭੁੱਲੜ ਮਨੁੱਖਾਂ ਬਾਰੇ ਇਉਂ ਦਸਦੇ ਹਨ—

ਖਾਣਾ ਪੀਣਾ ਹਸਣਾ ਸਉਣਾ, ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ, ਧ੍ਰਿਗੁ ਜੀਵਣੁ ਨਹੀ ਰਹਣਾ ॥੧॥ (ਪੰਨਾ ੧੨੫੪)

ਜੇ ਇਸ ਦੁਨੀਆ ਵਿੱਚ ਸਦਾ ਕਿਸੇ ਨਹੀਂ ਰਹਿਣਾ ਤਾਂ ਫਿਰ ਕਿਉਂ ਨਾ ਗੁਰੂ ਲੜ ਲੱਗ ਕੇ **ਜੀਵਨ ਸੁਚੱਜਾ** ਬਣਾਇਆ ਜਾਏ ਅਤੇ ਜੀਵਨ ਦੀ ਬਾਜ਼ੀ ਜਿੱਤੀ ਜਾਏ ? ਆਓ ਜੀਵਨ-ਮਨੋਰਥ ਦੀ ਪੂਰਤੀ ਲਈ ਸਤਿਗੁਰੂ ਜੀ ਦੇ ਉਪਦੇਸ਼ ਵਲ ਧਿਆਨ ਦੇਈਏ—

ਪ੍ਰਾਣੀ ਏਕੋ ਨਾਮੁ ਧਿਆਵਹੁ ॥ ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ਰਹਾਉ॥ (ਪੰਨਾ ੧੨੫੪)

"ਨਾਮ" ਕਿਸ ਕੋਲੋਂ ਮਿਲੇਗਾ ? ਸਤਿਗੁਰੂ ਅਰਥਾਤ ਸੱਚੇ ਗੁਰੂ ਕੋਲੋਂ। ਕੱਚੇ ਪਿੱਲੇ ਆਪੂੰ ਬਣੇ ਗੁਰੂਆਂ ਦੇ ਪੱਲੇ ਕੁਝ ਨਹੀਂ। ਜਿਹੜੇ ਆਪ ਡੁੱਬੇ ਪਏ ਹਨ, ਮਾਇਆ ਰਾਣੀ ਦੇ ਹੱਥਾਂ ਵਿਚ ਖੇਡ ਰਹੇ ਹਨ, ਉਹ ਦੂਜਿਆਂ ਨੂੰ ਇਸ ਭਵ-ਸਾਗਰ ਤੋਂ ਕਿਵੇਂ ਪਾਰ ਲੰਘਾ ਸਕਦੇ ਹਨ ? **ਸੱਚਾ ਗੁਰੂ ਕੌਣ ਹੈ ? ਦਸੋਂ ਪਾਤਸ਼ਾਹਾਂ ਦੀ ਆਤਮਕ ਜੋਤਿ ਜੁਗੋ ਜੁਗ ਅਟੱਲ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।** ਅੰਮ੍ਰਿਤ-ਸਿੰਚਾਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰੇ ਜਦੋਂ ਸਾਨੂੰ ਖੰਡੇ ਬਾਟੇ ਦੁਆਰਾ ਤਿਆਰ ਕੀਤਾ ਹੋਇਆ ਅੰਮ੍ਰਿਤ ਛਕਾਉਂਦੇ ਹਨ ਤਾਂ ਨਾਮ ਦ੍ਰਿੜ੍ਹ ਕਰਵਾ ਦਿੰਦੇ ਹਨ, ਜਿਸ ਨੂੰ ਜਪ ਕੇ ਅਸੀਂ ਆਪਣਾ ਜੀਵਨ ਸਫਲਾ ਕਰ ਲੈਂਦੇ ਹਾਂ। ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ "ਨਾਮ ਦੇ ਦਾਤੇ" ਅੱਗੇ ਅਰਜ਼ ਕਰਨ ਦਾ ਉਪਦੇਸ਼ ਦਿੰਦੇ ਹਨ—

ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥
ਸਤਿਗੁਰ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥
ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥੩॥੯੯॥ (ਸਿਰੀਰਾਗੁ ਮ: ੫—੪੯)

ਸ੍ਰੀ ਗੁਰੂ ਰਾਮਦਾਸ ਜੀ ਨਾਮ ਦੇ ਦਾਤੇ ਸਤਿਗੁਰੂ ਨੂੰ ਮਿਲਣ ਦਾ ਆਦੇਸ਼ ਦਿੰਦੇ ਹੋਏ ਕਹਿੰਦੇ ਹਨ—

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ, ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥
ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ, ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥
ਸਾ ਵੇਲਾ, ਸੋ ਮੂਰਤੁ, ਸਾ ਘੜੀ, ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ, ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥
ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ, ਜਮ ਕੰਕਰੁ ਨੇੜਿ ਨ ਆਵੈ ਰਾਮ ॥੨॥੫॥ (ਪੰਨਾ ੫੪੦)

ਹੇ ਮੇਰੀ ਸੋਹਣੀ ਜਿੰਦੇ ! ਹੇ ਜੀਵ ! ਸਾਰੇ ਹੀ ਗੁਰੂ ਨੂੰ ਜਾ ਮਿਲੋ, ਕਿਉਂਕਿ ਉਹ ਪਰਮਾਤਮਾ ਦਾ ਨਾਮ ਹਿਰਦੇ ਵਿੱਚ ਵਸਾ ਦਿੰਦਾ ਹੈ।

ਹੇ ਮੇਰੀ ਸੋਹਣੀ ਜਿੰਦੇ ! ਪਰਮਾਤਮਾ ਦਾ ਨਾਮ ਜਪਦਿਆਂ ਰਤਾ ਭਰ ਵੀ ਢਿਲ ਨਹੀਂ ਕਰਨੀ ਚਾਹੀਦੀ, ਕੀ ਪਤਾ ਕਿ ਅਗਲਾ ਸਾਹ ਲਿਆ ਜਾਏ ਜਾਂ ਨਾ।

ਹੇ ਮੇਰੀ ਸੋਹਣੀ ਜਿੰਦੇ ! ਉਹ ਵੇਲਾ, ਉਹ ਘੜੀ, ਉਹ ਸਮਾਂ ਭਾਗਾਂ ਵਾਲਾ ਹੈ ਜਿਸ ਵੇਲੇ ਪਿਆਰਾ


www.AKJ.Org

ਪਰਮਾਤਮਾ ਚਿੱਤ ਵਿੱਚ ਆ ਵਸਦਾ ਹੈ।

ਹੇ ਮੇਰੀ ਸੋਹਣੀ ਜਿੰਦੇ ! ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਹਰ ਵੇਲੇ ਸਿਮਰਿਆ ਹੈ, ਜਮ-ਦੂਤ **ਉਸ** ਦੇ ਨੇੜੇ ਨਹੀਂ ਢੁਕਦਾ।

ਇਨ੍ਹਾਂ ਆਂਦੇਸ਼ਾਂ ਦੇ ਹੁੰਦਿਆਂ ਸੁੰਦਿਆਂ ਵੀ ਜਿਹੜੇ ਮਨੁੱਖ ਗੁਰੂ ਦੇ ਲੜ ਨਹੀਂ ਲਗਦੇ, ਅੰਮ੍ਰਿਤ ਛਕ ਕੇ ਗੁਰੂ ਵਾਲੇ ਨਹੀਂ ਬਣਦੇ ਅਤੇ ਅੰਮ੍ਰਿਤ ਛਕਣ ਵਾਸਤੇ ਤਰ੍ਹਾਂ ਤਰ੍ਹਾਂ ਦੀਆਂ ਢੁੱਚਰਾਂ ਡਾਹੁੰਦੇ ਹਨ, ਆਪਣੇ ਪਰਵਾਰ ਦੇ ਜੀਆਂ ਅਤੇ ਸਾਕ-ਸੰਬੰਧੀਆਂ ਨੂੰ ਗੁਰਮਤਿ ਦੇ ਰਾਹ ਪੈਣ ਤੋਂ ਰੋਕਦੇ ਹਨ, ਉਨ੍ਹਾਂ ਬਾਰੇ ਧੁਰ ਕੀ ਬਾਣੀ(ਗੁਰਬਾਣੀ) ਵਿਚ ਅਨੇਕਾਂ ਪ੍ਰਮਾਣ ਮਿਲਦੇ ਹਨ। ਟੂਕ ਮਾਤਰ ਹੇਠਾਂ ਕੁਝ ਪ੍ਰਮਾਣ ਦਿਤੇ ਜਾਂਦੇ ਹਨ–

–ਬਿਨੁ ਗੁਰ ਭੇਟੇ ਦੁਖੁ ਕਮਾਇ। ਮਨਮੁਖਿ ਬਹੁਤੀ ਮਿਲੈ ਸਜਾਇ ॥੩॥੪੨॥ (ਪੰਨਾ ੩੬੧)

–ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥
ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ਰਹਾਉ॥੨॥ (ਪੰਨਾ ੬੮੬)

–ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ, ਆਇ ਜਾਇ ਦੁਖੁ ਪਾਵੈਗੋ ॥੬॥੪॥ (ਪੰਨਾ ੧੩੧੦)

–ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥
ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥੩॥ (ਪੰਨਾ ੨੩੦)

–ਜਗੁ ਬੰਦੀ, ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥ **ਬਿਨੁ ਸਤਿਗੁਰ ਭੇਟੇ** ਸਭ ਫਿਰੈ ਅਹੰਕਾਰੀ ॥੬॥੩॥ (੪੧੩)

–ਬਿਨੁ ਸਤਿਗੁਰ ਦਾਤਾ ਕੋ ਨਹੀ, ਜੋ ਹਰਿ ਨਾਮੁ ਦੇਇ ਆਧਾਰ ॥
ਗੁਰ ਕਿਰਪਾ ਤੇ ਨਾਉ ਮਨਿ ਵਸੈ, ਸਦਾ ਰਹੈ ਉਰਿ ਧਾਰਿ ॥੩੫॥ (ਪੰਨਾ ੧੪੧੭)

–ਬਿਨੁ ਸਤਿਗੁਰ ਬੰਧਨ ਨ ਤੁਟਹੀ, ਨਾਮਿ ਨ ਲਗੈ ਪਿਆਰ ॥੬॥ (ਪੰਨਾ ੧੨੭੭)

–ਬਿਨੁ ਸਤਿਗੁਰ ਭਗਤਿ ਨ ਹੋਵਈ, ਨਾਮਿ ਨ ਲਗੈ ਪਿਆਰੁ ॥
ਜਨ ਨਾਨਕ ਨਾਮੁ ਅਰਾਧਿਆ ਗੁਰ ਕੈ ਹੇਤਿ ਪਿਆਰਿ ॥੩੯॥ (ਪੰਨਾ ੧੪੧੭)

–ਭਾਈ ਰੇ, ਗੁਰ ਬਿਨੁ ਗਿਆਨੁ ਨ ਹੋਇ ॥੧॥ਰਹਾਉ॥੧੦॥ (ਪੰਨਾ ੫੯)

–ਜਿਉ ਬੈਸਤਰੁ ਕਾਸਟ ਮਝਾਰਿ, ਬਿਨੁ ਸੰਜਮ ਨਹੀ ਕਾਰਜ ਸਾਰਿ ॥
ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰਿ ॥
ਮਿਲਿ ਸੰਗਤਿ ਤਜਿ ਅਭਿਮਾਨ ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥੨॥੧॥੩੪॥ (ਪੰਨਾ ੫੩੫)

–ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥
ਜੇ ਲਖ ਕਰਮ ਕਮਾਵਹੀ, ਬਿਨੁ ਗੁਰ ਅੰਧਿਆਰਾ ॥੧॥ਰਹਾਉ॥......
ਬਿਨੁ ਗੁਰ ਪੰਥੁ ਨ ਸੂਝਈ, ਕਿਤੁ ਬਿਧਿ ਨਿਰਬਹੀਐ ॥੨॥੧੮॥ (ਪੰਨਾ ੨੨੯)

ਸਤਿਗੁਰੂ ਜੀ ਦੇ ਇਨ੍ਹਾਂ ਬਚਨਾਂ ਨੂੰ ਵਿਚਾਰ ਕੇ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਗੁਰੂ-ਲੜ ਲੱਗਣ ਦੀ ਕੋਈ ਲੋੜ ਨਹੀਂ। 'ਬੰਦਾ ਚੰਗੇ ਕੰਮ ਤੇ ਦਾਨ ਪੁੰਨ ਕਰੀ ਜਾਏ, ਆਪੇ ਪਾਰ ਉਤਾਰਾ ਹੋ ਜਾਏਗਾ', ਉਨ੍ਹਾਂ ਦੀ ਇਹ ਧਾਰਨਾ ਗ਼ਲਤ ਹੈ, ਕਿਉਂਕਿ–

ਗੁਰ ਬਿਨੁ ਘੋਰੁ ਅੰਧਾਰੁ, ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ, ਗੁਰੂ ਬਿਨੁ ਮੁਕਤਿ ਨ ਪਾਵੈ ॥੪॥੮॥ (ਪੰਨਾ ੧੩੯੯)

ਕਈ ਬੰਦੇ ਗੁਰਦੁਆਰੇ ਵੀ ਜਾਂਦੇ ਹਨ, ਬਾਣੀ ਵੀ ਪੜ੍ਹਦ-ਸੁਣਦੇ ਹਨ ਅਤੇ ਆਪਣੀ ਮਤਿ ਅਨੁਸਾਰ ਧਰਮ ਦੇ ਕੰਮ ਵੀ ਕਰਦੇ ਹਨ, ਪਰ ਉਹ ਅੰਮ੍ਰਿਤ ਛਕਣ ਤੋਂ ਹਿਚਕਚਾਂਦੇ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਉਨ੍ਹਾਂ ਕੋਲੋਂ ਰਹਿਤ ਨਹੀਂ ਰੱਖੀ ਜਾਣੀ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਮਾਇਆ ਦੇ ਰਸਾਂ ਕਸਾਂ ਨੂੰ ਨਹੀਂ


www.AKJ.Org

ਛੱਡਣਾ ਚਾਹੁੰਦੇ। ਉਹ ਆਪਣੇ ਮਨ ਦੇ ਮਗਰ ਲੱਗ ਕੇ ਕੂੜੇ ਰਸਾਂ ਕਸਾਂ ਦੇ ਸੁਆਦ ਲੈਣਾ ਚਾਹੁੰਦੇ ਹਨ। ਉਹ ਅੱਖਾਂ ਦੁਆਰਾ ਪਰਾਈਆਂ ਇਸਤ੍ਰੀਆਂ ਨੂੰ ਮੰਦੀ ਵਾਸ਼ਨਾ ਨਾਲ ਤੱਕਣਾ, ਕੰਨਾਂ ਨਾਲ ਸਾਕਤਾਂ ਦੇ ਗੀਤ ਨਾਦ ਸੁਣਨੇ, ਜੀਭ ਨਾਲ ਭੱਖ ਅਭੱਖ ਛਕਣਾ, ਨਾਸਾਂ ਨਾਲ ਭੈੜੀ ਨੀਤ ਨਾਲ ਮੰਦ ਸੁਗੰਧੀ ਲੈਣੀ, ਸਪਰਸ਼ ਸਦਕਾ ਪਰਾਈਆਂ ਇਸਤ੍ਰੀਆਂ ਨਾਲ ਰੰਗ ਰਲੀਆਂ ਮਨਾਣੀਆਂ, ਕੰਚਨੀਆਂ ਦੇ ਨਾਚ ਗਾਣਿਆਂ ਵਿਚ ਮਨ ਨੂੰ ਲੁਭਤ ਕਰਨਾ ਆਦਿ ਕਰਮ ਛੱਡਣਾ ਨਹੀਂ ਚਾਹੁੰਦੇ, ਜਿਨ੍ਹਾਂ ਤੋਂ ਸਤਿਗੁਰੂ ਜੀ ਨੇ ਵਰਜਿਆ ਹੈ। ਇਸੇ ਕਰਕੇ ਉਨ੍ਹਾਂ ਨੂੰ ਅੰਮ੍ਰਿਤ ਕੌੜਾ ਲਗਦਾ ਹੈ–

ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥(ਪੰਨਾ ੮੯੨-੯੩)

ਗੁਰਬਾਣੀ ਅੰਦਰ ਅਜਿਹੇ ਬੰਦਿਆਂ ਨੂੰ ਹੀ ਸਾਕਤ, ਮਨਮੁਖ, ਨਿਗੁਰੇ ਆਦਿ ਕਿਹਾ ਗਿਆ ਹੈ ਅਤੇ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਅਜਿਹੇ ਬੰਦਿਆਂ ਦੀ ਸੰਗਤ ਤੋਂ ਵਰਜਿਆ ਹੈ।

ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ ॥
ਸਾਕਤ ਬਚਨ ਬਿਛੂਆ ਜਿਉ ਡਸੀਐ, ਤਜਿ ਸਾਕਤ ਪਰੈ ਪਰਾਰੇ ॥੫॥੩॥ (ਪੰਨਾ ੯੮੨)

ਨਿਗੁਰੇ ਪੁਰਖਾਂ ਬਾਰੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ–

–ਬਿਨੁ ਸਤਿਗੁਰ ਪਚਿ ਮੂਏ ਸਾਕਤ, ਨਿਗੁਰੇ ਗਲਿ ਜਮ ਫਾਸਾ ਹੇ ॥ (ਪੰਨਾ ੧੦੭੩)
–ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥੩॥੪॥ (ਪੰਨਾ ੩੬੧)
–ਜਿਉ ਨਿਗੁਰਾ ਬਹੁ ਬਾਤਾ ਜਾਣੈ, ਓਹੁ ਹਰਿ ਦਰਗਹ ਹੈ ਭ੍ਰਸਟੀ ॥੧॥੬॥ (ਪੰਨਾ ੫੨੮)
–ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ ॥੧੩॥ (ਪੰਨਾ ੪੩੫)

ਇਹ ਤੇ ਗੱਲ ਰਹੀ ਬੇਦੀਨੇ ਨਿਗੁਰੇ ਬੰਦਿਆਂ ਦੀ, ਜਿਹੜੇ ਪੂਰੇ ਗੁਰੂ ਤੋਂ ਬਿਨਾਂ ਸ਼ੈਤਾਨ ਬਣੀ ਫਿਰਦੇ ਹਨ–

ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥ (ਪੰਨਾ ੭੦੮)

ਜਿਹੜੇ ਅੰਮ੍ਰਿਤ ਛਕ ਕੇ, ਗੁਰੂ ਦੀ ਭੈ-ਭਾਵਨੀ ਛੱਡ ਕੇ ਕੁਰਹਿਤਾਂ ਕਰਨ ਲੱਗ ਪੈਂਦੇ ਹਨ ਅਤੇ ਹੌਲੀ ਹੌਲੀ ਖਿਸਕਦੇ ਖਿਸਕਦੇ ਗੁਰੂ ਨੂੰ ਪਿੱਠ ਦੇ ਕੇ ਆਨਮਤੀਆਂ ਵਿੱਚ ਜਾ ਰਲਦੇ ਹਨ, ਉਨ੍ਹਾਂ ਬਾਰੇ ਗੁਰ-ਫੁਰਮਾਨ ਹਨ–

ਗੁਰ ਤੇ ਮੁਹੁ ਫੇਰੇ ਜੇ ਕੋਈ, ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ, ਜੋ ਕਿਛੁ ਕਰੈ ਸੋ ਨਰਕਿ ਪਰੈ ॥੪॥੬॥ (ਪੰਨਾ ੧੩੩੪)
–ਸਤਿਗੁਰ ਤੇ ਜੋ ਮੁਹ ਫੇਰਹਿ, ਮਥੇ ਤਿਨ ਕਾਲੇ ॥
ਅਨਦਿਨੁ ਦੁਖ ਕਮਾਵਦੇ, ਨਿਤ ਜੋਹੇ ਜਮਜਾਲੇ ॥
ਸੁਪਨੈ ਸੁਖੁ ਨ ਦੇਖਨੀ, ਬਹੁ ਚਿੰਤਾ ਪਰਜਾਲੇ ॥੩॥੪੨॥ (ਸਿਰੀਰਾਗੁ ਮ: ੩–ਪੰਨਾ ੩੦)
–ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥
ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨ ਲਹੰਨਿ ॥੧॥੯॥ (ਪੰਨਾ ੨੩੩)
–ਸਤਿਗੁਰ ਤੇ ਮੁਹ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥੯॥ (ਪੰਨਾ ੨੩੩)
–ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥੨॥
(ਬਿਲਾਵਲੁ ਮ: ੧–ਪੰਨਾ ੮੩੨)
–ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥
ਫਿਰਿ ਫਿਰਿ ਮਿਲਣੁ ਨ ਪਾਇਨੀ, ਜੰਮਹਿ ਤੈ ਮਰਿ ਜਾਹਿ ॥


www.AKJ.Org

ਸਹਸਾ ਰੋਗੁ ਨ ਛੋਡਈ, ਦੂਖ ਹੀ ਮਹਿ ਦੂਖ ਪਾਹਿ ॥
ਨਾਨਕ ਨਦਰੀ ਬਖਸਿ ਲੇਹਿ, ਸਬਦੇ ਮੇਲਿ ਮਿਲਾਹਿ ॥੧॥੭॥ (ਪੰਨਾ ੬੪੫)
—ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥
ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ॥
ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥੨॥੭॥ (ਪੰਨਾ ੬੪੫)
—ਜੇ ਕੋ ਗੁਰ ਤੇ ਵੇਮੁਖੁ ਹੋਵੈ, ਬਿਨੁ ਸਤਿਗੁਰ ਮੁਕਤਿ ਨ ਪਾਵੈ ॥
ਪਾਵੈ ਮੁਕਤਿ ਨ ਹੋਰਥੈ ਕੋਈ, ਪੁਛਹੁ ਬਿਬੇਕੀਆ ਜਾਏ ॥
ਅਨੇਕ ਜੂਨੀ ਭਰਮਿ ਆਵੈ, ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਏ ਲਾਗਿ ਚਰਣੀ, ਸਤਿਗੁਰੂ ਸਬਦੁ ਸੁਣਾਏ ॥
ਕਹੈ ਨਾਨਕੁ ਵੀਚਾਰਿ ਦੇਖਹੁ, ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥ (ਪੰਨਾ ੯੨੦)

ਇਸ ਸ਼ਾਰੀ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਦੀ ਸ਼ਰਨ ਆਉਣ ਤੋਂ ਬਿਨਾ (ਬਿਨੁ ਗੁਰ ਭੇਟੇ)—

ੳ) ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਲੋਕਾਂ ਕੋਲੋਂ ਸੁਣਿਆ ਸੁਣਾਇਆ ਨਾਮ ਫਲੀਭੂਤ ਨਹੀਂ ਹੁੰਦਾ, ਭਾਵੇਂ ਜਿੰਨੀਆਂ ਮਰਜ਼ੀ ਟੱਕਰਾਂ ਮਾਰੀ ਜਾਓ, ਨਾਮ ਦੀ ਰੰਗਣ ਨਹੀਂ ਚੜ੍ਹਦੀ।

ਅ) ਵਿਕਾਰਾਂ ਤੋਂ ਖਲਾਸੀ ਮੁਕਤੀ ਨਹੀਂ ਮਿਲਦੀ, ਮਨੁੱਖ ਪੰਜਾਂ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਵਹੇ ਚੜ੍ਹਿਆ ਦੁੱਖਾਂ, ਫ਼ਿਕਰਾਂ ਵਿੱਚ ਗ੍ਰਸਿਆ ਰਹਿੰਦਾ ਹੈ।

ੲ) ਸਹੀ ਜੀਵਨ ਅਰਥਾਤ ਸੁਖਾਵੇਂ ਪੰਧਰੇ ਜੀਵਨ ਦਾ ਰਸਤਾ ਨਹੀਂ ਮਿਲਦਾ। ਮਨੁੱਖ ਸਾਰੀ ਉਮਰ ਅਸਲੀ ਜੀਵਨ-ਪੰਧ ਤੋਂ ਖੁੰਝਿਆ ਠੇਡੇ ਹੀ ਖਾਂਦਾ ਰਹਿੰਦਾ ਹੈ।

ਸ) ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ, ਜਿਸ ਕਰਕੇ ਮਨੁੱਖਾ ਜਨਮ ਬਿਰਥਾ ਚਲਿਆ ਜਾਂਦਾ ਹੈ।

ਹ) ਜਨਮ ਮਰਨ ਦੇ ਚੱਕਰ (ਚੁਰਾਸੀ ਦੇ ਗੇੜ) ਵਿੱਚ ਹੀ ਪਿਆ ਰਹਿੰਦਾ ਹੈ।

ਕ) ਜਮਾਂ ਦੀ ਖੁਆਰੀ ਸਹਿਣੀ ਪੈਂਦੀ ਹੈ, ਜਮਾਂ ਦੇ ਵੱਸ ਪਏ ਦੀ ਕੋਈ ਵੀ ਕੂਕ ਪੁਕਾਰ ਨਹੀਂ ਸੁਣਦਾ।

ਖ) ਦਰ ਢੋਈ ਨਹੀਂ ਮਿਲਦੀ, ਅਰਥਾਤ, ਪ੍ਰਭੂ ਦੀ ਦਰਗਾਹ ਵਿੱਚ ਕਬੂਲਿਆ ਨਹੀਂ ਜਾਂਦਾ।

**ਗੁਰੂ-ਲੜ ਲੱਗਣ ਸਦਕਾ**, ਅਰਥਾਤ, ਅੰਮ੍ਰਿਤ ਛਕਣ ਨਾਲ ਮਨੁੱਖ ਪਵਿੱਤਰ ਜੀਵਨ ਵਾਲੇ ਹੋ ਜਾਂਦੇ ਹਨ, ਲੂਲ੍ਹੇ ਮਨੁੱਖ ਪਹਾੜਾਂ ਤੋਂ ਪਾਰ ਲੰਘ ਜਾਂਦੇ ਹਨ, ਮਹਾਂ ਮੂਰਖ ਮਨੁੱਖ ਸਿਆਣੇ ਵਖਿਆਨ-ਕਰਤਾ ਬਣ ਜਾਂਦੇ ਹਨ, ਅੰਨ੍ਹਿਆਂ ਨੂੰ ਤਿੰਨਾਂ ਭਵਨਾਂ (ਅਕਾਸ਼, ਪਾਤਾਲ, ਮਾਤ ਲੋਕ) ਦੀ ਸੋਝੀ ਹੋ ਜਾਂਦੀ ਹੈ। ਮਨੁੱਖ ਕੁੱਤਿਆਂ ਬਿੱਲਿਆਂ ਆਦਿ ਦੀਆਂ ਜੂਨਾਂ ਵਿਚ ਪੈਣੋਂ ਬਚ ਜਾਂਦਾ ਹੈ। ਜੇ ਇਸ ਜਨਮ ਵਿੱਚ ਗੋਬਿੰਦ ਨੂੰ ਮਿਲਣ ਦਾ ਜੀਵਨ-ਮਨੋਰਥ ਪੂਰਾ ਨਾ ਹੋ ਸਕੇ ਤਾਂ ਇਸ ਦੀ ਪੂਰਤੀ ਵਾਸਤੇ ਹੋਰ ਮੌਕਾ ਮਿਲ ਜਾਂਦਾ ਹੈ, ਅਰਥਾਤ, ਮਰਨ ਉਪ੍ਰੰਤ ਗੁਰਸਿੱਖਾਂ ਦੇ ਘਰ ਜਨਮ ਮਿਲ ਜਾਂਦਾ ਹੈ।

ਪਿੰਗੁਲ ਪਰਬਤ ਪਾਰਿ ਪਰੇ, ਖਲ ਚਤੁਰ ਬਕੀਤਾ ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟ ਪੁਨੀਤਾ ॥੧॥੩੭॥ (ਬਿਲਾਵਲੁ ਮ: ੫—੮੦੯)

ਅਤੇ—ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ, ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥ (ਪੰਨਾ ੧੦੦੨)

ਅਮਰੀਕਾ ਵਰਗੇ ਦੇਸ਼ ਦੂਜੇ ਬ੍ਰਹਮੰਡਾਂ ਦੀ ਖੋਜ ਵਾਸਤੇ ਅਰਬਾਂ ਰੁਪਇਆਂ ਖਰਚ ਕਰ ਰਹੇ ਹਨ, ਪਰ ਹਾਲੇ ਤੱਕ ਕੋਈ ਖਾਸ ਪ੍ਰਾਪਤੀ ਨਹੀਂ ਹੋਈ। ਸਾਡੇ ਸਤਿਗੁਰੂ ਜੀ ਕਹਿੰਦੇ ਹਨ—

"ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟ ਪੁਨੀਤਾ।"

ਆਓ ਅਸੀਂ ਇਸ ਥਿਉਰੀ (ਵਿਚਾਰ) ਨੂੰ ਅਪਣਾਈਏ, ਗੁਰੂ-ਲੜ ਲਗੀਏ ਅਤੇ ਨਾਮੁ ਜਪ ਕੇ ਉਚੀਆਂ ਅਟਾਰੀਆਂ ਦੇ ਰਸ ਚੂੰਚ ਚੂੰਚ ਕੇ ਦੁਨੀਆ ਨੂੰ ਇੱਕ ਕ੍ਰਿਸ਼ਮਾ ਕਰ ਦਿਖਾਈਏ।


www.AKJ.Org

# ਗੁਰ ਬਿਨੁ ਘੋਰੁ ਅੰਧਾਰੁ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸੰਨ ੧੫੪੧ ਦੀ ਗੱਲ ਹੈ, ਜਦੋਂ ਸ੍ਰੀ ਅਮਰਦਾਸ ਜੀ ਇਕੀਹਵੀਂ ਵਾਰੀ ਗੰਗਾ ਮਾਈ ਦੀ ਯਾਤਰਾ ਕਰ ਕੇ ਵਾਪਸ ਆ ਰਹੇ ਸਨ ਤਾਂ ਰਸਤੇ ਵਿੱਚ ਮੇਹੜੇ ਪਿੰਡ ਵਿਚ ਦੁਪਹਿਰੇ ਆਰਾਮ ਕਰਨ ਲਈ ਕੁਝ ਦੇਰ ਅਟਕੇ। ਇਥੇ ਇਕ ਭਲੇ ਪੁਰਸ਼ ਪੰਡਿਤ ਦੁਰਗਾ ਦਾਸ ਨੇ ਯਾਤਰੀਆਂ ਦੇ ਆਰਾਮ ਕਰਨ ਲਈ ਛੋਟੀ ਜਿਹੀ ਸਰਾਂ ਬਣਾਈ ਹੋਈ ਸੀ। ਇਸ ਦੇ ਨਾਲ ਇਕ ਖੂਹ ਅਤੇ ਛੋਟਾ ਜਿਹਾ ਬਗੀਚਾ ਲਗਾਇਆ ਹੋਇਆ ਸੀ। ਜਦੋਂ ਆਪ ਜੀ ਲੱਤਾਂ ਪਸਾਰ ਕੇ ਅਰਾਮ ਕਰ ਰਹੇ ਸਨ ਤਾਂ ਸਬੱਬ ਨਾਲ ਪੰਡਿਤ ਦੁਰਗਾ ਦਾਸ ਬਾਗ ਦੀ ਸੈਰ ਕਰਦਾ ਤੇ ਯਾਤਰੀਆਂ ਦੀ ਸੁਖ-ਸਾਂਦ ਪੁਛਦਾ ਓਧਰ ਆ ਨਿਕਲਿਆ। ਉਸ ਦੀ ਨਜ਼ਰ ਆਪ ਦੇ ਪੈਰਾਂ ਤੇ ਪਈ। ਪੈਰਾਂ ਵਿਚ ਪਦਮ-ਰੇਖਾ ਵੇਖ ਕੇ ਉਹ ਬੜਾ ਪ੍ਰਭਾਵਤ ਹੋਇਆ ਅਤੇ ਚੁਪ ਕਰ ਕੇ ਕੋਲ ਬੈਠ ਗਿਆ। ਜਦੋਂ ਆਪ ਸਾਵਧਾਨ ਹੋਏ ਤਾਂ ਪੰਡਿਤ ਦੁਰਗਾ ਦਾਸ ਨੇ ਉਹਨਾਂ ਨਾਲ ਬਚਨ ਬਿਲਾਸ ਕਰਦਿਆਂ ਦਸਿਆ ਕਿ ਉਸ ਦੀ ਜੋਤਸ਼-ਵਿਦਿਆ ਅਨੁਸਾਰ ਪਦਮ-ਰੇਖਾ ਵਾਲਾ ਵਿਕਅਤੀ ਜਾਂ ਤਾਂ ਕੋਈ ਤਕੜਾ ਧਨਵਾਨ ਹੁੰਦਾ ਹੈ ਜਾਂ ਵੱਡਾ ਮਹਾਨ ਪੁਰਖ, ਇਸ ਲਈ ਉਹਨਾਂ ਵਿਚ ਇਹਨਾਂ ਦੋਹਾਂ ਵਿਚੋਂ ਕਿਸੇ ਇਕ ਗੁਣ ਦਾ ਹੋਣਾ ਅਵੱਸ਼ ਹੈ। ਇਹ ਸੁਣ ਕੇ ਸ੍ਰੀ ਅਮਰਦਾਸ ਜੀ ਹੱਸ ਪਏ, ਜਿਵੇਂ ਬਗ਼ੈਰ ਬੋਲੇ ਉਸ ਦੀ ਜੋਤਸ਼-ਵਿਦਿਆ ਦੇ ਨਿਰਾਰਥਕ ਹੋਣ ਬਾਰੇ ਆਪਣੇ ਵਿਚਾਰ ਪਰਗਟ ਕਰ ਰਹੇ ਹੋਣ। ਪਰ ਪੰਡਿਤ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਆਪਣੇ ਕਥਨ ਨੂੰ ਫਿਰ ਦੁਹਰਾਇਆ। ਕੋਲ ਬੈਠੇ ਸੱਜਣਾਂ ਨੇ ਪੰਡਿਤ ਜੀ ਦੀ ਜੋਤਸ਼-ਵਿਦਿਆ ਦੀ ਉਸਤਤ ਕਰਦਿਆਂ ਕਿਹਾ ਕਿ ਪੰਡਿਤ ਜੀ ਦਾ ਲਾਇਆ ਅਨੁਮਾਨ ਕਦੀ ਅਜਾਈਂ ਨਹੀਂ ਜਾਂਦਾ। ਇਸ ਤੇ ਸ੍ਰੀ ਅਮਰਦਾਸ ਜੀ ਗੰਭੀਰ ਹੋ ਗਏ। ਥੋੜੀ ਦੇਰ ਮਗਰੋਂ ਪੰਡਿਤ ਦੁਰਗਾ ਦਾਸ ਆਪ ਜੀ ਨੂੰ ਪ੍ਰਣਾਮ ਕਰ ਕੇ ਚਲਾ ਗਿਆ ਅਤੇ ਆਪ ਜੀ ਆਪਣੀ ਵਾਟੇ ਹੋ ਤੁਰੇ।

ਰਸਤੇ ਵਿੱਚ ਚਲਦਿਆਂ ਸੋਚ ਦੇ ਘੋੜੇ ਦੁੜਾਣ ਲੱਗੇ—"ਧਨਵਾਨ ਮੈਂ ਕਿਵੇਂ ਬਣ ਸਕਦਾ ਹਾਂ? ਵਪਾਰ ਵਿੱਚ ਮੇਰੀ ਕੋਈ ਵਿਸ਼ੇਸ਼ ਰੁਚੀ ਨਹੀਂ ਹੈ। ਜਿੰਨਾ ਕੁ ਕਾਰੋਬਾਰ ਹੈ, ਉਸ ਨਾਲ ਪਰਮਾਤਮਾ ਦੀ ਮੇਹਰ ਸਦਕਾ ਘਰ ਦੇ ਖਰਚੇ ਦੀ ਆਈ-ਚਲਾਈ ਹੁੰਦੀ ਜਾ ਰਹੀ ਹੈ। ਮੇਰਾ ਧਨਵਾਨ ਹੋ ਸਕਣਾ ਅਸੰਭਵ ਹੈ। ਦੂਜੇ ਪਾਸੇ ਮੈਂ ਮਹਾਨ ਪੁਰਸ਼ ਵੀ ਕਿਵੇਂ ਬਣ ਸਕਦਾ ਹਾਂ? ਗੰਗਾ ਮਈਆ ਦੀ ਯਾਤਰਾ ਕਰਦਿਆਂ ਢੇਰ ਚਿਰ ਹੋ ਗਿਆ ਹੈ। ਏਨੇ ਜਫਰ ਜਾਲ ਕੇ ਮਈਆ ਦੇ ਇਸ਼ਨਾਨ ਕਰਨ ਜਾਈਦਾ ਹੈ। ਹੁਣ ਤੇ ਗੋਡੇ ਵੀ ਚਲਣੋਂ ਰਹਿ ਗਏ ਨੇ, ਪਰ ਮਈਆ ਦੀ ਪੂਰਨ ਕਿਰਪਾ ਅਜੇ ਤੱਕ ਨਹੀਂ ਹੋਈ, ਅੰਦਰ ਸਖਣਾ ਸਖਣਾ ਲਗਦਾ ਏ। ਮਨ ਦੀ ਭਟਕਣਾ ਨਹੀਂ ਮੁੱਕੀ।.. ਪਰ ਉਸ ਵਿਚ ਮਈਆ ਦਾ ਕੀ ਕਸੂਰ! ਕਸੂਰ ਆਪਣੇ ਵਿਚ ਏ। ਭਾਵਨਾ ਨੂੰ ਹੀ ਫਲ ਲਗਣੇ ਨੇ।" ਜ਼ਰਾ ਕੁ ਉਦਾਸੀ ਛਾਈ, ਪਰ ਫਿਰ ਅੰਦਰੇ ਅੰਦਰ ਬੋਲ ਉੱਠੇ—

"ਮਈਆ ਦੇ ਘਰ ਕਾਹਦਾ ਘਾਟਾ ਏ, ਜਿਸ ਤੇ ਮਰਜ਼ੀ ਬਖ਼ਸ਼ਿਸ਼ ਕਰ ਦੇਵੇ। ਉਹਨੇ ਸਾਡੀਆਂ ਕਰਤੂਤਾਂ 'ਤੇ ਥੋੜ੍ਹਾ ਜਾਣਾ ਏ। ਮਈਆ ਤਾਂ ਮਿਹਰ ਦੀ ਖਾਣ ਏ। ਕੀ ਪਤਾ ਅਮਰਦਾਸ! ਤੇਰੇ ਭਾਗ ਜਾਗ ਈ ਪੈਣ!! ਤੈਨੂੰ ਮਈਆ ਪਰਤੱਖ ਹੋ ਕੇ ਮਹਾਨ ਪੁਰਸ਼ ਬਣਾ ਦੇਵੇ, ਧੰਨ ਮਈਆ!! ਧੰਨ ਮਈਆ!!" ਆਖਦੇ ਆਖਦੇ ਸ੍ਰੀ ਅਮਰਦਾਸ ਜੀ ਮਈਆ ਦੇ ਭਜਨ ਗਾਉਂਦੇ ਬੜੀ ਖੁਸ਼ੀ ਨਾਲ ਮਟਕ ਮਟਕ ਕੇ ਜਾ ਰਹੇ ਸਨ। ਖੁਸ਼ੀ ਵਿਚ ਸਫ਼ਰ ਸੁਖਾਲੇ ਹੀ ਨਿਬੜਦਾ ਗਿਆ। ਰਾਹ ਵਿਚ ਜਾਂਦਿਆਂ ਆਪ ਜੀ ਨੂੰ ਇਕ ਬ੍ਰਹਮਚਾਰੀ ਸਾਧੂ ਆ ਮਿਲਿਆ।

ਪਰਸਪਰ "ਜੈ ਮਾਤਾ" ਬੁਲਾ ਕੇ ਦੋਹਾਂ ਨੇ ਬਚਨ-ਬਿਲਾਸ ਕਰਨੇ ਅਰੰਭ ਦਿਤੇ। ਸ੍ਰੀ ਅਮਰਦਾਸ ਜੀ ਦੀ ਰਸੀਲੀ ਸ਼ਖਸੀਅਤ, ਮਿੱਠੇ ਬੋਲ, ਮਿਲਾਪੜਾਪਨ, ਨਿਮਰਤਾ ਤੇ ਧਾਰਮਿਕ ਜਗਿਆਸਾ ਤੋਂ ਬ੍ਰਹਮਚਾਰੀ ਪ੍ਰਭਾਵਤ ਹੋਇਆ। ਇਹ ਜਾਣ ਕੇ ਕਿ ਆਪ ਹਰਦੁਆਰ ਦੀ ਇਕੀਹਵੀਂ ਯਾਤਰਾ ਸੰਪੂਰਨ ਕਰ ਕੇ ਆ ਰਹੇ ਹਨ, ਉਹ ਆਪ ਦੀ ਘਾਲਣਾ ਦਾ ਮਤਵਾਲਾ ਹੀ ਹੋ ਗਿਆ। ਦੋਹਾਂ ਨੇ ਬੜੇ ਪਿਆਰ ਨਾਲ ਇੱਕ ਦੂਜੇ ਨਾਲ ਅਧਿਆਤਮਕ


www.AKJ.Org

ਵਿਚਾਰਾਂ ਦੀ ਸਾਂਝ ਕੀਤੀ ਤੇ ਆਪਸ ਵਿਚ ਘੁਲ ਮਿਲ ਗਏ। ਵਿਚਾਰ-ਗੋਸ਼ਟੀ ਕਰਦਿਆਂ ਪੰਧ ਸੁਖਾਲੇ ਹੀ ਕੱਟਿਆ ਗਿਆ। ਪੰਧ ਕਰਦੇ ਕਰਦੇ ਤ੍ਰਿਕਾਲਾਂ ਸਮੇਂ ਪਿੰਡ ਬਾਸਰਕੇ ਪੁੱਜ ਗਏ। ਸ੍ਰੀ ਅਮਰਦਾਸ ਜੀ ਬ੍ਰਹਮਚਾਰੀ ਨੂੰ ਆਪਣੇ ਘਰ ਲੈ ਆਏ। ਘਰ ਪੁਜਦਿਆਂ ਸਾਰਾ ਪਰਵਾਰ ਆ ਜੁੜਿਆ। ਜਿਉਂ ਜਿਉਂ ਪਤਾ ਲਗਦਾ ਗਿਆ, ਪਿੰਡ ਇਕੱਠਾ ਹੁੰਦਾ ਗਿਆ। ਸਾਰੇ ਪਾਸੇ ਬੜੀ ਖ਼ੁਸ਼ੀ ਹੋਈ। ਲੋਕਾਂ ਨੇ ਰੱਜ ਕੇ ਸ੍ਰੀ ਅਮਰਦਾਸ ਜੀ ਦੀ ਘਾਲਣਾ ਦੀ ਪ੍ਰਸੰਸਾ ਕੀਤੀ ਅਤੇ ਗੰਗਾ ਮਈਆ ਦਾ ਚਰਨਾਮਤ ਲੈ ਕੇ ਆਪੋ ਆਪਣੀ ਘਰੀਂ ਚਲ ਗਏ।

ਸ੍ਰੀ ਅਮਰਦਾਸ ਜੀ ਨੇ ਗਰਮ ਪਾਣੀ ਨਾਲ ਬ੍ਰਹਮਚਾਰੀ ਦੇ ਚਰਨ ਆਪ ਧੋਤੇ, ਹੱਥੀਂ ਪਰਸ਼ਾਦਾ ਛਕਾਇਆ ਤੇ ਵੱਖਰੇ ਕਮਰੇ ਵਿਚ ਨਿਵਾਸ ਦਿੱਤਾ। ਉਸ ਦੀ ਮੁੱਠੀ ਚਾਪੀ ਕਰਦੇ ਕਰਦੇ ਆਪਣੇ ਮਨ ਦੀ ਦਸ਼ਾ ਉਸ ਨੂੰ ਸੁਣਾ ਰਹੇ ਸਨ ਕਿ ਸੰਤਾਂ ਸਾਧਾਂ ਦੀ ਸੰਗਤ ਤੇ ਸੇਵਾ ਕਰਦਿਆਂ ਢੇਰ ਚਿਰ ਹੋ ਗਿਆ ਹੈ, ਇਕੀਹ ਵਾਰੀ ਗੰਗਾ ਮਈਆ ਦੀ ਯਾਤਰਾ ਵੀ ਕੀਤੀ ਹੈ, ਪਰ ਅਜੇ ਅੰਦਰਲਾ ਸੱਖਣਾ ਸੱਖਣਾ ਪਰਤੀਤ ਹੁੰਦਾ ਹੈ। ਬ੍ਰਹਮਚਾਰੀ ਨੇ ਪੁੱਛਿਆ, "ਆਪ ਕਾ ਗੁਰੂ ਕੌਨ ਹੈ ?"

ਆਪ ਦੇ ਚਰਨਾਂ ਆਪ ਜੀ ਨੇ ਨਿਮਰੀਭੂਤ ਹੋ ਕੇ ਕਿਹਾ, "ਮੈਂ ਕਿਸੇ ਕਾਮਲ ਗੁਰੂ ਦੀ ਭਾਲ ਵਿਚ ਹਾਂ... ਸਦਕਾ ਜੇ ਪ੍ਰਭੂ ਬਹੁੜੀ ਕਰਨ, ਪੂਰਬਲੇ ਭਾਗ ਜਾਗ ਪੈਣ, ਪੂਰੇ ਗੁਰੂ ਦਾ ਮਿਲਾਪ ਹ ਜਾਵੇ ਤਾਂ ਮੇਰਾ ਪਾਰ ਉਤਾਰਾ ਹੋ ਜਾਵੇ।"

ਇਹ ਸ਼ਬਦ ਸ੍ਰੀ ਅਮਰਦਾਸ ਜੀ ਦੇ ਮੂੰਹੋਂ ਨਿਕਲਣ ਦੀ ਦੇਰ ਸੀ ਕਿ ਬ੍ਰਹਮਚਾਰੀ ਬੁੜ੍ਹਕ ਉਠਿਆ, "ਅਰੇ ਮੈ ਨੇ ਕਿਆ ਕਰ ਦੀਆ—ਨਿਗੁਰੇ ਪੁਰਸ਼ ਕਾ ਸੰਗ ! ਨਿਗੁਰੇ ਪੁਰਸ਼ ਸੇ ਬਚਨ-ਬਿਲਾਸ !! ਨਿਗੁਰੇ ਪੁਰਸ਼ ਕਾ ਭੋਜਨ ਪਾਨ !!! ਇਸ ਸੇ ਮੇਰਾ ਜਨਮ ਭ੍ਰਸ਼ਟ ਹੋ ਗਿਆ.. ਬਾਪ ਰੇ... ਕਿਆ ਹੋਗਾ ਅਬ ! ਪ੍ਰਾਸਚਿਤ ਪ੍ਰਾਸਚਿਤ...!" ਘਬਰਾਇਆ ਹੋਇਆ ਬ੍ਰਹਮਚਾਰੀ ਅਬਾ ਤਬਾ ਬੋਲਦਾ ਹੋਇਆ ਆਪਣਾ ਬੁਚਕਾ ਚੁੱਕ ਕੇ ਤਿੱਤਰ ਹੋ ਗਿਆ।

ਸ੍ਰੀ ਅਮਰਦਾਸ ਜੀ ਨੇ ਬੜੇ ਤਰਲੇ ਲਏ, ਮਿੰਨਤਾਂ ਕੀਤੀਆਂ, ਪਰ ਬ੍ਰਹਮਚਾਰੀ ਨੇ ਇਕ ਨਾ ਸੁਣੀ ਤੇ ਰਾਤ ਦੇ ਅੰਨ੍ਹੇਰੇ ਵਿਚ ਘਰੋਂ ਨਿਕਲ ਤੁਰਿਆ।

ਬ੍ਰਹਮਚਾਰੀ ਤਾਂ ਚਲਾ ਗਿਆ, ਪਰ ਸ੍ਰੀ ਅਮਰਦਾਸ ਜੀ ਦੇ ਚਿਤ ਅੰਦਰ ਵਿਚਾਰਾਂ ਦਾ ਜਵਾਰ-ਭਾਟਾ ਉੱਭਰ ਆਇਆ। ਉਹਨਾਂ ਦੇ ਕੰਨਾਂ ਵਿਚ ਬ੍ਰਹਮਚਾਰੀ ਦੇ ਬੋਲ ਗੂੰਜ ਰਹੇ ਸਨ। "ਨਿਗੁਰਾ" ਸ਼ਬਦ ਉਹਨਾਂ ਦੇ ਹਿਰਦੇ ਤੇ ਬਾਰ ਬਾਰ ਮਾਨੋ ਨਸ਼ਤਰ ਦੀ ਚਭ ਦੇ ਰਿਹਾ ਸੀ। ਉਹਨਾਂ ਦੀਆਂ ਸਤੇ ਸੁਧਾਂ ਭੁਲ ਗਈਆਂ, ਅੱਖਾਂ ਪਥਰਾਅ ਗਈਆਂ। ਏਨੀ ਦੇਰ ਨੂੰ ਆਪ ਜੀ ਦੀ ਸੁਯੋਗ ਪਤਨੀ ਮਨਸਾ ਦੇਵੀ ਜੀ ਆ ਗਏ। ਪਤੀ ਦੇਵ ਨੂੰ ਇਸ ਤਰ੍ਹਾਂ ਪਰੇਸ਼ਾਨ ਵੇਖ ਕੇ ਭਾਂਪ ਗਏ ਕਿ ਕਿਸੇ ਮਾਨਸਿਕ ਪੀੜਾ ਵਿਚ ਗ੍ਰਸਤ ਹਨ। ਬ੍ਰਹਮਚਾਰੀ ਬਾਰੇ ਪੁੱਛ ਕੀਤੀ। ਸ੍ਰੀ ਅਮਰਦਾਸ ਜੀ, ਜੋ ਹੁਣ ਤਕ ਡੌਰ-ਭੌਰੇ ਹੋਏ ਬੈਠੇ ਸਨ, ਇਕ-ਦਮ ਤ੍ਰਬੱਕ ਉਠੇ। ਬੱਚਿਆਂ ਵਾਂਗ ਸਿਸਕੀਆਂ ਲੈਂਦਿਆਂ ਸਾਰੀ ਵਿਥਿਆ ਆਖ ਸੁਣਾਈ।

ਬੀਬੀ ਮਨਸਾ ਦੇਵੀ ਜੀ ਨੇ ਪਤੀ ਦੇਵ ਨੂੰ ਦਿਲਾਸਾ ਦੇਂਦਿਆਂ ਕਿਹਾ :—"ਉਹ ਸਾਧੂ ਜਨੂਨੀ ਭਾਸਦਾ ਹੈ, ਜੋ ਇਸ ਤਰ੍ਹਾਂ ਛਿੱਥਾ ਪੈ ਕੇ ਭੱਜ ਗਿਆ ਹੈ। ਜੇ ਉਹ ਸੋਝੀ ਵਾਲਾ ਧਰਮੀ ਪੁਰਸ਼ ਹੁੰਦਾ ਤਾਂ ਆਪ ਦਾ ਦਰਦ ਜ਼ਰੂਰ ਵੰਡਾਂਦਾ, ਜਾਂ ਘੱਟ ਤੋਂ ਘੱਟ ਜਾਣ ਤੋਂ ਪਹਿਲਾਂ ਆਪ ਜੀ ਨੂੰ ਕਿਸੇ ਕਾਮਲ ਗੁਰੂ ਦੀ ਦੱਸ ਜ਼ਰੂਰ ਪਾਉਂਦਾ। ਸੁਆਮੀ! ਤੁਹਾਡੇ ਨਾਲੋਂ ਵਧ ਕੇ ਧਰਮੀ ਪੁਰਸ਼ ਹੋਰ ਕਿਹੜਾ ਹੋ ਸਕਦਾ ਹੈ ? ਸਾਰੇ ਇਲਾਕੇ ਦੇ ਲੋਕੀਂ ਤੁਹਾਡੇ ਧਰਮੀ ਜੀਵਨ ਦਾ ਸਿੱਕਾ ਮੰਨਦੇ ਹਨ। ਆਪ ਜੀ ਹਰ ਇਕ ਦਾ ਭਲਾ ਲੋਚਦੇ ਹੋ, ਕਦੀ ਕਿਸੇ ਦਾ ਦਿਲ ਨਹੀਂ ਦੁਖਾਇਆ। ਗਊ ਗਰੀਬ ਦੀ ਯਥਾ ਸ਼ਕਤਿ ਮਦਦ ਕਰਦੇ ਓ। ਆਏ ਗਏ ਅਤਿਥੀ ਦੀ ਸੇਵਾ ਲਈ ਸਦਾ ਤੱਤਪਰ ਰਹਿੰਦੇ ਓ। ਸਦਾ ਭਜਨ ਬੰਦਗੀ ਵਿਚ ਲੀਨ ਰਹਿੰਦੇ ਓ। ਇਲਾਕੇ ਦੇ ਸਾਰੇ ਲੋਕ ਆਪ ਜੀ ਨੂੰ ਗੁਰੂਆਂ ਵਾਂਗ ਸਤਿਕਾਰਦੇ ਅਤੇ ਪਿਆਰ ਦੇਂਦੇ ਹਨ। ਤੁਹਾਨੂੰ ਹੋਰ ਕਿਹੜੇ ਗੁਰੂ ਦੀ ਲੋੜ ਬਾਕੀ ਰਹਿ ਗਈ ਏ ! ਆਏ ਗਏ ਸਾਧ ਸੰਤ ਦੀ ਸੇਵਾ ਸੰਭਾਲ ਕਰਨੀ ਤਾਂ ਚਲੋ ਸਾਡਾ ਫ਼ਰਜ਼ ਏ, ਪਰ ਕਿਸੇ ਜਨੂਨੀ ਪੁਰਸ਼ ਦੇ ਕਹੇ ਤੇ ਆਪਣੇ ਆਪ ਵਿਚ ਹੀਣਤਾ


www.AKJ.Org

ਭਾਵ ਲਿਆਉਣਾ ਠੀਕ ਨਹੀਂ। ਅਜਿਹੇ ਜਨੂਨੀ ਸਾਧੂਆਂ ਦੇ ਟੀਚੇ ਤੇ ਕੋਈ ਪੂਰਾ ਨਹੀਂ ਉਤਰ ਸਕਦਾ।"

ਕਾਫ਼ੀ ਦੇਰ ਬੀਬੀ ਮਨਸਾ ਦੇਵੀ ਜੀ ਪਤੀ ਦੇਵ ਦੀ ਮਾਨਸਿਕ ਪੀੜਾ ਦੂਰ ਕਰਨ ਲਈ ਉਪਰਾਲਾ ਕਰਦੇ ਰਹੇ। ਫਿਰ ਵਿਛਾਉਣਾ ਕਰ ਕੇ ਉਹਨਾਂ ਨੂੰ ਬਿਰਾਜਣ ਲਈ ਬੇਨਤੀ ਕੀਤੀ।

ਬਿਸਤਰੇ ਤੇ ਲੇਟ ਗਏ ਸ੍ਰੀ ਅਮਰਦਾਸ ਜੀ, ਪਰ ਉਹਨਾਂ ਦੀਆਂ ਅੱਖਾਂ ਵਿਚੋਂ ਨੀਂਦਰ ਉੱਡ ਗਈ। ਵਿਚਾਰਾਂ ਦੀ ਉਧੇੜ-ਬੁਣ ਕਾਰਨ ਮਨ ਵਿਚ ਬੇ-ਚੈਨੀ ਬਣੀ ਰਹੀ। ਲੇਟੇ ਲੇਟੇ ਆਪਣੇ ਮਨ ਨਾਲ ਗੱਲਾਂ ਕਰਨ ਲਗ ਪਏ, "ਇਹ ਠੀਕ ਏ ਕਿ ਲੋਕੀ ਮੈਨੂੰ ਧਰਮੀ ਸਮਝ ਕੇ ਆਦਰ ਮਾਣ ਦੇਂਦੇ ਹਨ। ਇਹ ਲੋਕ ਮੇਰੀ ਤੀਰਥ-ਯਾਤਰਾ ਕਰਨ ਅਤੇ ਲੋਕ-ਹਮਦਰਦੀ ਦੇ ਸਲੂਕ ਤੋਂ ਪ੍ਰਭਾਵਤ ਨੇ। ਪਰ ਮੈਥੋਂ ਤਾਂ ਆਪਣਾ ਆਪ ਲੁਕਿਆ ਹੋਇਆ ਨਹੀਂ ਨਾ! ਮੇਰਾ ਅੰਦਰ ਸੱਖਣਾ ਸੱਖਣਾ ਏ। ਲੋਕਾਂ ਦਾ ਭਲਾ ਕਰ ਕੇ ਭਲਾ ਅਖਵਾਉਣ ਦੀ ਲਾਲਸਾ ਮੇਰੇ ਅੰਦਰੋਂ ਅਜੇ ਮੁੱਕੀ ਨਹੀਂ। ਸੁਣਿਐ, ਧਰਮੀ ਬੰਦਿਆਂ ਅੰਦਰ ਭਜਨ ਦਾ ਖੇੜਾ ਖਿੜਿਆ ਰਹਿੰਦਾ ਏ। ਮੇਰੇ ਅੰਦਰ ਤਾਂ ਅਗਿਆਨਤਾ ਦੀ ਕਾਲੀ ਬੋਲੀ ਰਾਤ ਪਈ ਹੋਈ ਏ। ਬ੍ਰਹਮਚਾਰੀ ਭਾਵੇਂ ਜਨੂਨੀ ਹੀ ਹੋਵੇ, ਪਰ ਉਹਦੀ ਗੱਲ ਤਾਂ ਠੀਕ ਏ, ਨਿਗੁਰਾ ਮਨੁੱਖ ਪਸ਼ੂਆਂ ਤੋਂ ਵੀ ਮਾੜਾ ਗਿਣਿਆ ਜਾਂਦਾ ਹੈ। ਕਹਾਵਤ ਪ੍ਰਸਿਧ ਹੈ—ਗੁਰੂ ਬਿਨਾ ਗਤਿ ਨਹੀਂ, ਸ਼ਾਹ ਬਿਨਾ ਪਤਿ ਨਹੀਂ। ਮੇਰੀ ੬੨ ਸਾਲ ਦੀ ਉਮਰ ਹੋ ਚੱਲੀ ਏ, ਅਜੇ ਨਿਗੁਰਾ ਹਾਂ।"

ਇਹ ਸੋਚ ਕੇ ਸ੍ਰੀ ਅਮਰਦਾਸ ਜੀ ਦੇ ਅੰਦਰ ਅਜਿਹਾ ਹੌਲ ਉਠਿਆ ਕਿ ਬਿਸਤਰੇ ਤੇ ਪਏ ਪਏ ਤ੍ਰੱਬਕ ਉੱਠੇ। ਹੱਥ ਜੁੜ ਗਏ ਤੇ ਅਰਦਾਸ ਵਿਚ ਲੀਨ ਹੋ ਗਏ, "ਹੇ ਪਰਮੇਸ਼ਰ! ਮੇਰੇ ਤੇ ਤਰਸ ਕਰ, ਮੈਨੂੰ ਪੂਰਾ ਗੁਰੂ ਮੇਲ! ਮੇਰੀ ਜੀਵਨ-ਯਾਤਰਾ ਸਫਲ ਕਰ!! ਮੇਰੇ ਅੰਦਰ ਠੰਢ ਵਰਤਾ!!!"

ਅਰਦਾਸ ਵਿਚ ਲੀਨ ਹੋਇਆਂ ਨੂੰ ਪਤਾ ਨਹੀਂ ਕਿਹੜੇ ਵੇਲੇ ਨੀਂਦ ਪੈ ਗਈ। ਜਦੋਂ ਉਠੇ ਤਾਂ ਅਜੇ ਕਾਫ਼ੀ ਸਵੇਰ ਸੀ। ਚਾਰੇ ਪਾਸੇ ਚੁੱਪ-ਚਾਂ ਵਰਤੀ ਹੋਈ ਸੀ। ਛੋਟੇ ਭਰਾ ਮਾਣਕ ਚੰਦ ਦੇ ਘਰ ਬੀਬੀ ਅਮਰੋ ਦੇ ਗਾਉਣ ਦੀ ਮਧੁਰ ਧੁਨੀ ਕੰਨਾਂ ਵਿਚ ਪਈ। ਅੱਗੇ ਵੀ ਜਦੋਂ ਬੀਬੀ ਸਵੇਰੇ ਸਵੇਰੇ ਰੱਬੀ ਕਲਾਮ ਗਾਉਂਦੀ ਤਾਂ ਅਮਰਦਾਸ ਜੀ ਦੇ ਕੰਨੀਂ ਸਰੋਤ ਪੈਂਦੀ ਰਹਿੰਦੀ ਸੀ, ਅੱਜ ਫਿਰ ਤਾਂਘ ਉਠੀ ਤੇ ਮਲਕੜੇ ਜਾ ਕੇ ਇਕ ਪਾਸੇ ਬੈਠ ਕੇ ਸੁਣਨ ਲੱਗੇ।

ਰਾਤ ਦੀ ਘਟਨਾ ਕਰਕੇ ਮਨ ਦ੍ਰਵ ਕੇ ਨਿਰਮਲ ਹੋਇਆ ਹੋਇਆ ਸੀ। ਜਿਉਂ ਜਿਉਂ ਬਾਣੀ ਸੁਣਦੇ ਰਹੇ, ਮਨ ਦੀ ਦਸ਼ਾ ਬਦਲਦੀ ਗਈ। ਬਾਣੀ ਦੇ ਅਣਿਆਲੇ ਤੀਰਾਂ ਨੇ ਮਨ ਵਿੰਨ੍ਹ ਸੁੱਟਿਆ। ਬਾਣੀ ਦੀ ਪਾਰਸ-ਕਲਾ ਵਰਤਣ ਲੱਗੀ। ਉਧਰ ਬੀਬੀ ਪਿਆਰ ਵਿਚ ਜੁੜ ਕੇ ਦੁੱਧ ਰਿੜਕਦੀ ਹੋਈ ਬੜੇ ਵਜਦ ਵਿਚ ਬਾਣੀ ਗਾਉਂ ਰਹੀ ਸੀ—

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ ॥੩॥
**ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥**
**ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥**

[ਮਾਰੂ ਮ: ੧ ਘਰੁ ੧, ਪੰਨਾ ੯੯੦

ਸ਼ਬਦ ਦੀਆਂ ਅਖ਼ੀਰਲੀਆਂ ਤੁਕਾਂ ਸੁਣ ਕੇ ਸ੍ਰੀ ਅਮਰਦਾਸ ਜੀ ਗੱਦ ਗੱਦ ਹੋ ਗਏ। ਉਹਨਾਂ ਨੂੰ ਜਾਪੇ ਆਪਣੀ ਅੜਾਉਣੀ ਦਾ ਹਲ ਲਭ ਪਿਆ ਹੋਵੇ। ਉੱਠ ਕੇ ਬੀਬੀ ਨੂੰ ਸੰਬੋਧਨ ਕਰਕੇ ਬੋਲੇ, "ਬੇਟਾ! ਇਹ ਕਿਸ ਦੇ ਭਜਨ ਗਾਉਂਦੀ ਏਂ?"


www.AKJ.Org

"ਪਿਤਾ ਜੀ ! ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਬਾਣੀ ਹੈ ।"

"ਆਪ ਜੀ ਕਿੱਥੇ ਬਿਰਾਜਦੇ ਹਨ ?"

"ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਜੋਤੀ ਜੋਤਿ ਸਮਾ ਚੁਕੇ ਹਨ । ਉਹਨਾਂ ਦੀ ਗੱਦੀ ਤੇ ਆਪ ਦੀ ਬੱਚੀ ਦੇ ਪਿਤਾ ਜੀ ਬਿਰਾਜਮਾਨ ਹਨ ।"

"ਬੇਟਾ ! ਕੀ ਮੈਨੂੰ ਉਹਨਾਂ ਦੇ ਦਰਸ਼ਨ ਕਰਵਾ ਸਕਦੀ ਏਂ ?"

"ਕਿਉਂ ਨਹੀਂ ਪਿਤਾ ਜੀ ! ਪਰ ਇਸ ਲਈ ਮੈਨੂੰ ਇੱਥੋਂ ਸਹੁਰੇ ਘਰੋਂ ਮਾਤਾ ਪਿਤਾ ਜੀ ਦੀ ਆਗਿਆ ਲੈਣੀ ਪਵੇਗੀ । ਨਾਲੇ ਪਿਤਾ ਗੁਰੂ ਜੀ ਦਾ ਹੁਕਮ ਹੈ ਕਿ ਉਹਨਾਂ ਦੇ ਸੱਦੇ ਬਗੈਰ ਜਾਂ ਕਿਸੇ ਕਾਰਨ ਬਗੈਰ ਸਹੁਰੇ ਘਰੋਂ ਨਹੀਂ ਆਉਣਾ ।"

"ਇੱਥੋਂ ਆਗਿਆ ਮੈਂ ਲੈ ਦੇਂਦਾ ਹਾਂ । ਪਿਤਾ-ਗੁਰੂ ਜੀ ਜਾਣੀ-ਜਾਣ ਹਨ, ਜਾਣ ਲੈਣਗੇ ਕਿ ਪੁਤਰੀ ਆਪਣੀ ਨਨ-ਮਰਜ਼ੀ ਨਾਲ ਪੇਕੇ ਨਹੀਂ ਆਈ, ਇਕ ਜਗਿਆਸੂ ਦੀ ਮਾਨਸਿਕ ਸ਼ਾਂਤੀ ਲਈ ਉਪਕਾਰ ਵਜੋਂ ਵਿਚੋਲਗੀ ਕਰ ਰਹੀ ਹੈ । ਇਸ ਦੀ ਮਾਫ਼ੀ ਮੈਂ ਉਹਨਾਂ ਪਾਸੋਂ ਲੈ ਦੇਵਾਂਗਾ ।"

ਸਹੁਰੇ ਪਰਵਾਰ ਤੋਂ ਆਗਿਆ ਲੈ ਕੇ ਬੀਬੀ ਅਮਰੋ ਸ੍ਰੀ ਅਮਰਦਾਸ ਜੀ ਨੂੰ ਲੈ ਕੇ ਖਡੂਰ ਪੁੱਜੀ । ਕੁੜਮ ਦੇ ਵੱਡੇ ਭਰਾ ਨੂੰ ਆਇਆਂ ਦੇਖ ਕੇ ਮਰਯਾਦਾ-ਪਰਸ਼ੋਤਮ ਸਤਿਗੁਰੂ ਜੀ ਉਹਨਾਂ ਦੇ ਸਤਿਕਾਰ ਲਈ ਉਠਣ ਲੱਗੇ ਹੀ ਸਨ ਕਿ ਸ੍ਰੀ ਅਮਰਦਾਸ ਜੀ ਧੜੱਮ ਕਰਕੇ ਚਰਨਾਂ ਤੇ ਡਿੱਗ ਪਏ ਅਤੇ ਘਿਘਿਆ ਕੇ ਬੇਨਤੀ ਕੀਤੀ, "ਮੈਂ ਮੰਗਤਾ ਹੋ ਕੇ ਆਪ ਜੀ ਪਾਸ ਆਇਆ ਹਾਂ, ਮੈਨੂੰ ਚਰਨੀਂ ਲਾਓ ਤੇ ਭਵ-ਸਾਗਰ ਤੋਂ ਮੇਰਾ ਬੇੜਾ ਪਾਰ ਕਰੋ ।"

ਦਿਆਲੂ ਸਤਿਗੁਰੂ ਜੀ ਨੇ ਆਪਣੇ ਕਰ-ਕਮਲਾਂ ਨਾਲ ਚੁੱਕ ਕੇ ਖੜਾ ਕੀਤਾ । ਤੀਬਰ ਜਗਿਆਸਾ ਵੇਖ ਕੇ ਆਪ ਜੀ ਨੇ ਨਾਮ-ਦਾਨ ਦੀ ਬਖ਼ਸ਼ਸ਼ ਕੀਤੀ । ਸ੍ਰੀ ਅਮਰਦਾਸ ਦੇ ਹਿਰਦੇ ਵਿਚ ਨਾਮ ਦੀ ਰੌ ਰੁਮਕ ਉੱਠੀ, ਅੰਦਰਲਾ ਠੰਢਾ-ਠਾਰ ਹੋ ਗਿਆ, ਦੁਬਿਧਾ ਦੂਰ ਹੋ ਗਈ, ਹਿਰਦਾ ਨਾਮ-ਮਸਤੀ ਵਿਚ ਗੜੂੰਦ ਹੋ ਗਿਆ ।

ਸੇਵਾ ਸਿਮਰਨ ਵਿੱਚ ਜੁਟ ਗਏ । ਮਨ ਨਿਰਮਲ ਹੁੰਦਾ ਗਿਆ, ਸੁਰਤੀ ਨਾਮ ਵਿਚ ਅਰੂੜ ਹੁੰਦੀ ਗਈ । ਗੁਰੂ ਪਾਤਸ਼ਾਹ ਅਤੇ ਗੁਰਸਿੱਖਾਂ ਦੀ ਸੇਵਾ ਕਰਦਿਆਂ ਵਿੱਥਾਂ ਤੇ ਵਖੇਵੇਂ ਅੰਦਰੋਂ ਨਿਕਲ ਗਏ । ਅੰਤ ਕਿਖੜੀ ਘਾਲ ਕਮਾਈ ਕਰਦਿਆਂ ਜੁਲਾਹੇ ਦੀ ਖੱਡੀ ਵਿਚ ਡਿਗਣ ਤੇ ਜੁਲਾਹੀ ਨੇ ਕੁਬੋਲ ਬੋਲ । ਇਸ ਘਟਨਾ ਤੋਂ ਬਾਅਦ ਗੁਰੂ ਪਾਤਸ਼ਾਹ ਤਰੁੱਠੇ ਅਤੇ ਕਈ ਵਰ ਦੇ ਕੇ ਬਚਨ ਕੀਤੇ, "ਪੁਰਖਾ, ਤੇਰੀ ਘਾਲ ਥਾਇ ਪਈ ! ਤੂੰ ਪਰਵਾਣ ਹੋਇਓਂ !! ਤੇਰੀ ਸਿੱਖੀ ਧੰਨ ॥"

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਦਾ ਪ੍ਰਕਾਸ਼ ੪ ਜੇਠ ਸੰਮਤ ੧੫੨੬ ਬਿ: ਵਿਚ ਪਿੰਡ ਬਾਸਰਕੇ, ਜ਼ਿਲਾ ਅੰਮ੍ਰਿਤਸਰ, ਭੱਲੇ ਖੱਤਰੀਆਂ ਦੀ ਕੁੱਲ ਵਿਚ ਹੋਇਆ । ਆਪ ਜੀ ਦੇ ਪਿਤਾ ਦਾ ਸ਼ੁਭ ਨਾਮ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਦਾ ਬੀਬੀ ਲਖਮੋ ਜੀ ਸੀ । ਆਪ ਦੇ ਪਿਤਾ ਦਾ ਪਿੰਡ ਵਿਚ ਕਾਰੋਬਾਰ ਚੰਗਾ ਸੀ ਤੇ ਇਲਾਕੇ ਵਿਚ ਸਾਊਪੁਣੇ ਕਾਰਨ ਚੰਗਾ ਸਤਿਕਾਰ ਸੀ । ਆਪ ਜੀ ਦੇ ਤਿੰਨ ਹੋਰ ਭਰਾ ਸਨ, ਜੋ ਆਪ ਜੀ ਤੋਂ ਛੋਟੇ ਸਨ । ਆਪ ਦੇ ਮਹਿਲਾਂ ਦਾ ਨਾਮ ਬੀਬੀ ਮਨਸਾ ਦੇਵੀ ਸੀ, ਜਿਨ੍ਹਾਂ ਨੂੰ ਇਤਿਹਾਸਕਾਰਾਂ ਨੇ ਬਹੁਤ ਸੁਘੜ, ਸੁਸ਼ੀਲ ਤੇ ਆਗਿਆਕਾਰ ਕਰਕੇ ਵਰਨਿਆ ਹੈ । ਆਪ ਦੇ ਦੋ ਸਪੁੱਤਰ ਸ੍ਰੀ ਮੋਹਨ ਜੀ ਅਤੇ ਸ੍ਰੀ ਮੋਹਰੀ ਜੀ ਸਨ ਅਤੇ ਦੋ ਬੱਚੀਆਂ ਬੀਬੀ ਦਾਨੀ (ਨਿਧਾਨੀ) ਅਤੇ ਬੀਬੀ ਭਾਨੀ ਜੀ ਸਨ ।

ਆਪ ਜੀ ਦੇ ਗੁਰੂ-ਦਰ ਆਉਣ ਤੋਂ ਪਹਿਲੇ ਦੇ ਜੀਵਨ ਬਾਰੇ ਪੂਰਾ ਵੇਰਵਾ ਨਹੀਂ ਮਿਲਦਾ । ਕੇਵਲ ਏਨਾ ਹੀ ਵਰਨਣ ਯੋਗ ਹੈ ਕਿ ਆਪ ਜੀ ਧਾਰਮਕ ਰੁਚੀ ਰੱਖਣ ਵਾਲੇ ਉਦਾਰ-ਚਿਤ ਤੇ ਸਾਊ ਪੁਰਸ਼ ਸਨ । ਆਪਣਾ ਦੁਨੀਆਵੀ ਕਾਰ-ਵਿਹਾਰ ਕਰਦੇ ਹੋਏ ਪ੍ਰਮਾਰਥਕ ਲਗਨ ਵਿਚ ਲੀਨ ਰਹਿੰਦੇ । ਸਾਧੂਆਂ ਸੰਤਾਂ ਦੀ ਸੰਗਤ ਕਰਨ ਦੀ ਲਟਕ ਬਚਪਨ ਤੋਂ ਹੀ ਸੀ । ਆਪ ਜੀ ਦੀ ਧਰਮ-ਪ੍ਰਭਾਵੀ ਬਿਰਤੀ ਅਤੇ ਦ੍ਰਿੜ੍ਹਤਾ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਉਸ ਸਮੇਂ, ਜਦੋਂ ਬਾਹਰ ਸਫ਼ਰ ਕਰਨਾ ਅਤਿ ਕਠਨ ਸੀ ਅਤੇ ਜਾਨ-ਮਾਲ ਦੇ ਖ਼ਤਰੇ ਨਾਲ ਵੀ ਭਰਪੂਰ ਸੀ, ਆਪ ਜੀ ਨੇਮ ਅਨੁਸਾਰ ਲਗ ਪਗ ਇਕੀਹ ਵਾਰੀ ਗੰਗਾ ਮਾਈ ਦੇ ਇਸ਼ਨਾਨ ਕਰਨ ਲਈ ਹਰਦੁਆਰ ਪੈਦਲ ਚਲ ਕੇ ਜਾਂਦੇ ਰਹੇ ।

www.AKJ.Org

# ਵਿਰੋਧ ਨਹੀਂ–ਇਹ ਪੂਰਕ ਹੈ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦ ਪੁਰੀ, ਨਵੀਂ ਦਿੱਲੀ-19]

ਗੁਰਬਾਣੀ ਇੱਕ ਨਿਰੰਤਰ ਅਵਿਰੋਧੀ ਰੱਬੀ ਕ੍ਰਿਤ ਹੈ। ਆਤਮ ਗਿਆਨ ਦਾ ਅਮੁੱਕ ਖ਼ਜ਼ਾਨਾ ਹੋਣ ਦੇ ਇਲਾਵਾ ਇਹ ਦਾਰਸ਼ਨਿਕ ਰੂਪ ਭੀ ਹੈ ਤੇ ਜੀਵਨ ਦੇ ਸਾਰੇ ਪੱਖਾਂ ਨੂੰ ਇਕਸਾਰ ਤੇ ਸੁਹਾਵਣਾ ਬਨਾਉਣ ਦਾ ਗਿਆਨ ਪਰਦਾਨ ਕਰਦੀ ਹੈ। ਇਸ ਕਰਕੇ ਇਸ ਵਿੱਚ ਉਲੇਖੇ ਕੁਝ ਵੀਚਾਰ ਵਿਪਰੀਤ ਪ੍ਰਤੀਤ ਹੁੰਦੇ ਹਨ। ਇਉਂ ਸਾਡੇ ਵਰਗੇ ਸਾਧਾਰਨ ਜਗਿਆਸੂਆਂ ਲਈ ਉਨ੍ਹਾਂ ਦਾ ਨਿਰਣਾ ਕਰਨਾ ਕਠਨ ਲੱਗਦਾ ਹੈ। ਉਦਾਹਰਣ ਵਜੋਂ ਅਕਾਲ ਪੁਰਖ ਦੇ ਸਰਗੁਣ ਸਰੂਪ ਤੇ ਨਿਰਗੁਣ ਸਰੂਪ ਦੇ ਆਪਸੀ ਸੰਬੰਧ ਦ੍ਰਿਸ਼ਟਾਉਂਦੇ ਕੁਝ ਵੀਚਾਰ ਧਿਆਨ ਗੋਚਰੇ ਹਨ।

ਮਥਰਾ ਭੱਟ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਵਨ ਦ੍ਰਿਸ਼ਟ ਸਰੂਪ ਨੂੰ ਇਉਂ ਰੂਪਮਾਨ ਕੀਤਾ ਹੈ–

ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥ (੧੪੦੯)

ਸਤਿਗੁਰੂ ਦੇ ਦੀਦਾਰ ਤੇ ਗੁਰਸੰਗਤ ਦੇ ਸਪਰਸ਼ ਸਦਕੇ ਭੱਟਾਂ ਦੀ ਦ੍ਰਿਸ਼ਟੀ ਏਨੀ ਸ੍ਵਛ ਤੇ ਸੂਖਮ ਹੋ ਚੁਕੀ ਸੀ ਕਿ ਉਨ੍ਹਾਂ ਨੂੰ ਗੁਰਦੇਵ ਜੀ ਵਿਸ਼ੇਸ਼ ਤੌਰ ਤੇ ਪ੍ਰਭੂ ਦੇ ਅਵਤਾਰ ਦਿਖਾਈ ਦਿੰਦੇ ਸਨ ਤੇ ਗਰਭ ਜੋਨ ਦੇ ਸੰਕਟ ਜਾਂ ਆਵਾਗਵਨ ਦੇ ਚੱਕਰ ਤੋਂ ਮੁਕਤ ਕਰਾਉਣ ਦੀ ਸ਼ਕਤੀ ਵਾਲੇ ਸਨ–

ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥ (੧੪੦੯)

ਦਸਮੇਸ਼ ਪਿਤਾ ਜੀ ਨੇ ਅਵਤਾਰਵਾਦ ਦੇ ਸਿਧਾਂਤ ਦੀ ਮੁਖ਼ਾਲਫ਼ਤ ਕੇਵਲ ਬਚਨਾਂ ਦੁਆਰਾ ਨਹੀਂ, ਅਮਲੀ ਤੌਰ ਤੇ ਕੀਤੀ ਹੈ। ਜਿੰਨੇ ਕਰੜੇ ਸ਼ਬਦਾਂ ਵਿਚ ਹਜ਼ੂਰ ਨੇ ਤਾੜਨਾ ਕੀਤੀ ਹੈ, ਸ਼ਾਇਦ ਹੀ ਕਿਸੇ ਨੇ ਕੀਤੀ ਹੋਵੇ। ਇਤਿਹਾਸ ਸਾਖੀ ਭਰਦਾ ਹੈ ਕਿ ਬਚਪਨ ਦੀ ਅਵਸਥਾ ਤੋਂ ਹੀ ਚੋਜਾਂ, ਕੌਤਕਾਂ ਤੇ ਰਹਿਮਤਾਂ ਦੀਆਂ ਝੜੀਆਂ ਲਾਉਂਦੇ ਰਹੇ; ਸਵੈਮਾਨ, ਨਿਡਰਤਾ ਤੇ ਨਾਮ-ਰੱਤੀਆਂ ਬੇਪਰਵਾਹੀਆਂ ਪ੍ਰਗਟਾਉਂਦੇ ਰਹੇ। ਇਨ੍ਹਾਂ ਗੁਣਾਂ ਕਰਕੇ ਤੇ ਗੁਰੂ ਨਾਨਕ ਜੋਤਿ ਦੀ ਅੰਸ਼ ਹੋਣ ਕਰਕੇ ਉਹ 'ਹੱਕ ਰਾ ਆਈਨਾ' ਸਨ। ਗੁਰ-ਸੰਗਤ ਦੀਆਂ ਨਜ਼ਰਾਂ ਵਿਚ ਐਸਾ ਨਿਰਮਲ ਆਰਸੀ, ਪ੍ਰਗਟ ਪਹਾਰੇ ਆਪ ਅਕਾਲ ਪੁਰਖ ਜਾਪਦਾ ਸੀ। ਪਰ ਸਰਗੁਨ ਸਰੂਪ ਦੀ ਪੂਜਾ ਅਵਤਾਰਵਾਦ ਦਾ ਰੂਪ ਨਾ ਧਾਰਨ ਕਰ ਲਏ, ਹਜ਼ੂਰ ਨੇ ਖਾਲਸੇ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਸੁਚੇਤ ਕੀਤਾ–

ਜੋ ਹਮ ਕੋ ਪਰਮੇਸਰ ਉਚਰਿ ਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ॥੩੨॥(ਬਚਿਤ੍ਰ ਨਾਟਕ,ਧਿਆਇ ੬)

ਭਿੱਖਾ ਭੱਟ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਰਿਦੈ ਨਿਰੰਜਨੀ ਜੋਤਿ ਦੀ ਨੂਰਾਨੀ ਝਲਕ ਨੂੰ ਅਨੁਭਵ ਕਰਕੇ ਹੀ ਆਪਣੀ ਸ਼ਰਧਾ ਤੇ ਪ੍ਰੀਤੀ ਨੂੰ ਕਲਮਬੰਦ ਕੀਤਾ ਹੈ–

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥੨॥੧੬॥ (੧੩੯੫)

ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਇਕ ਪਉੜੀ ਰਾਹੀਂ ਸ੍ਰੀ ਕ੍ਰਿਸ਼ਨ ਜੀ ਤੇ ਸੁਦਾਮੇ ਦੀ ਮਿੱਤਰਤਾ, ਸਨੇਹ, ਅਣਖ ਤੇ ਨਿੰਮਰਤਾ ਦਾ ਸੁੰਦਰ ਨਮੂਨਾ ਪੇਸ਼ ਕੀਤਾ ਹੈ। ਸੁਦਾਮੇ ਦਾ ਫਟੇ ਪੁਰਾਣੇ ਕਪੜਿਆਂ ਵਿਚ ਆਉਣਾ, ਪੋਟਲੀ ਵਿਚ ਮੁੱਠੀ ਭਰ ਚਾਵਲਾ ਦੀ ਸੁਗਾਤ ਲਿਆਉਣੀ, ਉਸ ਦੀ ਅਤਿ ਗਰੀਬੀ ਤੇ ਮਸਕੀਨੀ ਦਸ਼ਾ ਦਾ ਸਬੂਤ ਸੀ। ਦੂਸਰੇ ਪਾਸੇ ਸ੍ਰੀ ਕ੍ਰਿਸ਼ਨ ਜੀ ਨੇ ਜਿਸ ਪਿਆਰ ਤੇ ਸਤਿਕਾਰ ਭਰੇ ਜਜ਼ਬਾਤ ਵਿਚ ਉਸ ਦਾ ਸੁਆਗਤ ਕੀਤਾ, ਇਹ ਸਾਧਾਰਨ ਇਨਸਾਨ ਨਹੀਂ, ਇੱਕ ਦੈਵੀ ਗੁਣਾਂ ਵਾਲੀ ਰੱਬੀ ਹਸਤੀ ਹੀ ਕਰ ਸਕਦੀ ਹੈ–

ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣ ਹਰਿ ਜੀ ਆਏ ॥ [ਭਾਈ ਗੁਰਦਾਸ ਜੀ, ੧੦-੯

ਗੀਤਾ ਦਾ ਸਾਰਾ ਗਿਆਨ ਅਕਾਲ ਪੁਰਖ ਦਾ ਆਪਣਾ ਗਿਆਨ ਸੀ, ਪਰ ਉਸ ਵਿੱਚ ਦਿੱਤਾ ਉਪਦੇਸ਼ ਸ੍ਰੀ


www.AKJ.Org

ਕ੍ਰਿਸ਼ਨ ਜੀ ਦੀ ਰਸਨਾ ਤੋਂ ਉਚਾਰਿਆ ਗਿਆ। ਦੂਸਰੇ ਸ਼ਬਦਾਂ ਵਿੱਚ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਆਪ ਨੂੰ ਬਿਨਾਂ ਝਿਜਕ ਭਗਵਾਨ ਆਖਿਆ। ਇਹ ਘਟਨਾ ਪੜ੍ਹਨ, ਸੁਣਨ ਜਾਂ ਜਾਣਨ ਕਰਕੇ ਕਿਸੇ ਕਿਸਮ ਦਾ ਪ੍ਰਤੀਕਰਮ ਨਹੀਂ ਹੋਇਆ, ਕਿਸੇ ਨੇ ਕੋਈ ਕਿੰਤੂ ਨਹੀਂ ਕੀਤਾ। ਸ਼ਮਸ ਤਬਰੇਜ਼ੀ ਨੇ, ਜਦ 'ਅਨਲ ਹੱਕ' ਅਰਥਾਤ 'ਮੈਂ ਖ਼ੁਦਾ ਹਾਂ' ਦਾ ਨਾਅਰਾ ਲਾਇਆ ਤਾਂ ਉਸ ਨੂੰ ਰੱਬ ਦਾ ਸ਼ਰੀਕ ਕਿਉਂ ਸਮਝਿਆ ਗਿਆ? ਇੱਕਮਿੱਕਤਾ ਦਰਸਾਉਂਦੀ ਰਸਨਾ ਨੂੰ ਏਨਾ ਦੁਖਦਾਈ ਫਲ ਭੁਗਤਣਾ ਪਿਆ। ਇਤਿਹਾਸ ਅਨੁਸਾਰ ਮੁਲਤਾਨ ਦੇ ਹਾਕਮ ਨੇ ਕ੍ਰੋਧ ਦੇ ਵੇਗ ਵਿਚ ਵਹਿ ਕੇ ਉਸ ਦੀ ਖੱਲ ਉਤਰਵਾ ਦਿੱਤੀ।

ਇਕ ਪਾਸੇ ਗੁਰਦੇਵ ਜੀ ਨੂੰ ਪਾਰਬ੍ਰਹਮ ਕਰਿ ਨਮਸਕਾਰਿਆ ਗਿਆ, ਸੰਗਤ ਨੂੰ ਮਾਨੁਖ ਦਾ ਰੂਪ ਨ ਜਾਨਣ ਦਾ ਉਪਦੇਸ਼ ਮਿਲਿਆ। ਆਪਣਾ ਸਰੂਪ ਬਦਲ ਕੇ ਅਕਾਲ ਪੁਰਖ ਨੇ ਆਪਣੇ ਆਪ ਨੂੰ ਗੁਰੂ ਨਾਨਕ ਅਖਵਾ ਇਆ। ਦੂਸਰੇ ਪਾਸੇ ਨਾ-ਕੇਵਲ ਠਾਕਰ ਨੂੰ ਅਜੂਨੀ ਆਖਿਆ ਬਲਕਿ ਜਿਸ ਪ੍ਰਾਣੀ ਨੇ ਪ੍ਰਭੂ ਨੂੰ ਅਵਤਾਰ ਧਾਰ ਕੇ ਜੱਗ ਵਿਚ ਆਉਣ ਵਾਲਾ ਆਖਿਆ, ਉਸ ਪ੍ਰਤੀ ਕਰੜੇ ਬਚਨਾਂ ਦਾ ਪ੍ਰਯੋਗ ਕੀਤਾ ਗਿਆ—

ਸਗਲ ਪਰਾਧ ਦੇਹਿ ਲੋਰੋਨੀ ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥੩॥
ਜਨਮਿ ਨ ਮਰੈ ਨ ਆਵੈ ਨ ਜਾਇ ॥ ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥੧॥ (੧੧੩੬)

ਘਟਨਾਵਾਂ ਵਿੱਚ ਜਦ ਅਸੰਗਤੀ ਪ੍ਰਤੀਤ ਹੁੰਦੀ ਹੈ ਤਾਂ ਉਹ ਘਟਨਾਵਾਂ ਬਿਨ ਪਰਖਣ, ਵਾਦ ਵਿਵਾਦ ਦਾ ਵਿਸ਼ਾ ਬਣ ਜਾਂਦੀਆਂ ਹਨ। ਇਹ ਕੋਈ ਵਰਤਮਾਨ ਦੀ ਗੱਲ ਨਹੀਂ; ਆਦਿ ਕਾਲ ਤੋਂ ਹੀ ਸੱਚੇ ਸੁੱਚੇ, ਅਣਖੀ ਤੇ ਖ਼ੁਦ-ਦਾਰ ਸੰਤਾ ਭਗਤਾਂ ਤੇ ਵਧੀਕੀਆਂ ਹੁੰਦੀਆਂ ਆਈਆਂ ਹਨ। ਪ੍ਰਭੂ ਨੇ ਪ੍ਰਹਿਲਾਦ ਭਗਤ ਦੀ ਰੱਖਿਆ ਕੀਤੀ ਤੇ ਗ਼ੈਰ-ਕੁਦਰਤੀ ਮੌਤ ਤੋਂ ਛੁਟਕਾਰਾ ਬਖ਼ਸ਼ਿਆ। ਮੁਗ਼ਲ ਹਕੂਮਤ ਨੇ ਕਬੀਰ ਤੇ ਨਾਮਦੇਉ ਜੀ ਨੂੰ ਕਿਤੇ ਘਟ ਤਸੀਹੇ ਦਿੱਤੇ? ਇਨ੍ਹਾਂ ਦੀਆਂ ਅਰਦਾਸਾਂ ਨੇ ਅਤੇ ਅਕਾਲ ਪੁਰਖ ਨੇ ਆਪਣੀ ਇੱਛਿਆ ਅਨੁਸਾਰ ਆਪਣੇ ਭਗਤਾਂ ਦੀ ਲਾਜ ਰੱਖੀ ਤੇ ਜਾਨ ਲੇਵਾ ਕਸਟਾਂ ਤੋਂ ਮੁਕਤ ਕਰਾਇਆ। ਪਰ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦੀ, ਜਾਂ ਭਾਈ ਗੁਰਦਾਸ ਦੀ ਲਿਖਤ ਤੋਂ, ਜਾਂ ਸਿੱਖ ਇਤਿਹਾਸ ਤੋਂ ਕਤਈ ਜ਼ਾਹਰ ਨਹੀਂ ਹੁੰਦਾ ਕਿ ਹਜ਼ੂਰ ਨੇ ਆਪਣੀ ਜਾਨ ਬਚਾਉਣ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੋਵੇ ਜਾਂ ਸਿਖ ਸੰਗਤਾਂ ਦੀ ਓਟ ਤੱਕੀ ਹੋਵੇ।

ਗੁਰਸਿੱਖ ਕਦੇ ਵੀ ਅਧਿਆਤਮਕ ਖੇਤਰ ਵਿੱਚ, ਮਹਾਨ ਆਤਮਾਵਾਂ ਦੀ ਤੁੱਲਨਾ, ਵਾਦ-ਵਿਵਾਦ, ਛੋਟੇ-ਵੱਡੇ ਦੇ ਚੱਕਰ ਵਿਚ ਨਹੀਂ ਪੈਂਦਾ। ਰੱਖਿਆ ਕਰਨ ਜਾ ਸ਼ਹਾਦਤ ਬਖ਼ਸ਼ਣ ਦਾ ਅੰਤਮ ਫ਼ੈਸਲਾ ਜਾਂ ਹੁਕਮ ਅਕਾਲ ਪੁਰਖ ਦਾ ਆਪਣਾ ਹੈ। ਸੰਤ ਜਨਾਂ ਦੇ ਸਿਦਕ, ਭਰੋਸੇ ਨੂੰ ਕਾਇਮ ਰੱਖਦਿਆਂ, ਸਮਾਂ, ਵਾਤਾਵਰਨ, ਸਥਿਤੀ, ਅਵਸਰ ਆਦਿਕ ਨੂੰ ਮੁੱਖ ਰੱਖਦਿਆਂ, ਰੱਖਿਆ ਜਾਂ ਸ਼ਹਾਦਤ ਦੇ ਪ੍ਰਭਾਵ ਨੂੰ ਧਿਆਨ ਰੱਖਦਿਆ; ਅਕਾਲ ਪੁਰਖ ਦੇ ਨਿਰਣੇ ਅਲੱਗ-ਅਲੱਗ ਹੋ ਸਕਦੇ ਹਨ। ਇਸ ਤਰ੍ਹਾਂ ਘਟਨਾਵਾਂ ਵੱਖ ਵੱਖ ਹੁੰਦੀਆਂ ਹੋਈਆਂ ਵੀ ਵਿਰੋਧੀ ਨਹੀਂ ਬਲਕਿ ਸੰਪੂਰਨਤਾ ਦਾ ਅੰਗ ਹਨ।

ਸਿਖ ਧਰਮ ਵਿੱਚ ਰਿੱਧੀਆਂ ਸਿੱਧੀਆਂ ਕਰਾਮਾਤਾਂ, ਕੌਤਕਾਂ ਤੇ ਤਮਾਸ਼ਿਆਂ ਦੇ ਖੁੱਲ੍ਹੇ ਪ੍ਰਗਟਾਵੇ ਦਾ ਖੰਡਨ ਕੀਤਾ ਗਿਆ ਹੈ। ਗੁਰੂ ਨਾਨਕ ਜੀ ਨੇ ਇਨ੍ਹਾਂ ਦਾ ਸੁਆਦ ਵੱਖਰਾ ਤੇ ਨੀਵਾਂ ਆਖਿਆ ਹੈ। 'ਰਿਧਿ ਸਿਧਿ ਅਵਰਾ ਸਾਦ' ਆਖ ਕੇ ਗੁਰਸਿੱਖਾਂ ਨੂੰ ਇਨ੍ਹਾਂ ਦੀ ਓਟ ਲੈਣ ਤੋਂ ਵਰਜਿਆ ਹੈ। ਇਸ ਦੀ ਪਕੜ ਵਿਚ ਫਸਿਆ ਬੰਦਾ, ਆਮ ਤੌਰ ਤੇ, ਪਿੰਜਰੇ 'ਚ ਕੈਦੀ ਬਣੇ ਹੋਏ ਤੋਤੇ ਵਾਂਗਰ ਛੁੱਟਣਾ ਨਹੀਂ ਚਾਹੁੰਦਾ। ਨੌਵੇਂ ਸਤਿਗੁਰੂ ਜੀ ਨੇ ਕਰਾਮਾਤ ਨਾਲੋਂ ਸ਼ਹਾਦਤ ਨੂੰ ਤਰਜੀਹ ਦਿੱਤੀ। ਉਨ੍ਹਾਂ ਨੇ ਸਭ ਨੂੰ ਸਮਝਾਉਣਾ ਸੀ ਕਿ ਰੱਬ ਦੇ ਪਿਆਰਿਆਂ ਨੂੰ ਦਿਖਾਵੇ ਲਈ, ਵਡਿਆਈ ਲਈ ਤੇ ਆਪਣੀ ਜਾਨ ਬਚਾਉਣ ਲਈ ਸ਼ਕਤੀਆਂ ਦੀ ਵਰਤੋਂ ਕਰਨੀ ਸ਼ੋਭਾ ਨਹੀਂ ਦਿੰਦੀ। ਫ਼ੁਰਮਾਨ ਹੈ—

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥
(ਬਚਿਤ੍ਰ ਨਾਟਕ, ਅਧਿਆਇ ੫)

ਤਸਵੀਰ ਦਾ ਦੂਸਰਾ ਪਾਸਾ ਦੇਖੀਏ ਤਾਂ ਨਜ਼ਰ ਆਉਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ, ਪਰਉਪਕਾਰ


www.AKJ.Org

ਲਈ, ਸਿੱਧਾਂ ਦੀਆਂ ਕਰਾਮਾਤਾਂ ਨੂੰ ਛਟਿਆਉਣ ਲਈ ਤੇ ਅੜੋਅਲ ਜੀਵਾਂ ਨੂੰ ਸਮਝਾਉਣ ਲਈ ਸ਼ਕਤੀਆਂ ਦਾ ਪਰਯੋਗ ਕਰਨਾ ਪਿਆ। ਭੱਟਾਂ ਨੇ ਤਾਂ ਲਿਖਤੀ ਰੂਪ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੱਸ਼ਟ ਰੂਪ ਵਿੱਚ ਇਨ੍ਹਾਂ ਸ਼ਬਦਾਂ ਰਾਹੀਂ ਉਸਤਤਿ ਕੀਤੀ ਹੈ–

ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ ॥
ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ ॥੯॥ (੧੩੯੪)

ਅਰਥਾਤ, ਕਮਲ ਦਾ ਨਿਸ਼ਾਨ ਸੱਜੇ ਹੱਥ ਵਿਚ ਹੈ, ਸਿੱਧੀਆਂ ਮੁੱਖ ਤੱਕ ਰਹੀਆਂ ਹਨ; ਖੱਬੇ ਪਾਸੇ ਰਿੱਧੀਆਂ ਹਨ, ਜੋ ਤਿੰਨਾਂ ਲੋਕਾਂ ਨੂੰ ਮੋਂਹਦੀਆਂ ਹਨ।

ਦਿੱਲੀ ਦੇ ਸਕੂਲਾਂ ਵਿਚ ਗਣਿਤ ਦੀਆਂ ਪੁਸਤਕਾਂ ਵਿਚ ਇਕ ਅਧਿਆਇ *Implication* (ਤਾਤਪਰਜ ਜਾਂ ਭਾਵ) ਸ਼ਾਮਲ ਕੀਤਾ ਗਿਆ, ਪਰ ਉਸ ਦੀ ਧਾਰਣਾ ਨੂੰ ਨਾ ਸਮਝਣ ਤੇ ਨ ਸਮਝਾਉਣ ਕਰਕੇ, ਉਸ ਦੀ ਉਪਯੋਗਤਾ ਲਾਭਦਾਇਕ ਨਾ ਸਿੱਧ ਹੋਣ ਕਰਕੇ ਉਸ ਨੂੰ ਕੋਰਸ ਵਿਚੋਂ ਕੱਢ ਦਿੱਤਾ ਗਿਆ। ਇਸ ਦਾ ਹਵਾਲਾ ਇਸ ਲਈ ਦਿੱਤਾ ਹੈ ਕਿ ਗੁਰਬਾਣੀ ਵਿਚ ਵੀ ਕੁਝ ਮੁੱਖ ਵਾਕ ਸੰਬੰਧਤ ਤਰਕ-ਸ਼ਕਤੀ ਦੇ ਵਿਕਾਸ ਨਾਲ ਸੰਬੰਧ ਰੱਖਦੇ ਹਨ। ਇਸ ਦਾ ਤੱਤ ਇਉਂ ਬਖਾਨਿਆ ਜਾ ਸਕਦਾ ਹੈ ਕਿ ਕੁਝ ਕਥਨ ਐਸੇ ਹੁੰਦੇ ਹਨ ਕਿ ਉਨ੍ਹਾਂ ਦੇ ਵਿਲੋਮ (*Converse*) ਗਲਤ ਹੁੰਦੇ ਹਨ। ਇਥੇ ਗਲਤ ਦਾ ਭਾਵ ਅਜ਼ਿਕ ਸੱਚ ਹੋਣਾ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ :–

ਲੋਗਾ ਭਰਮਿ ਨ ਭੂਲਹੁ ਭਾਈ।
ਖਾਲਿਕੁ ਖਲਕ, ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ਰਹਾਉ॥ (੧੩੪੯-੫੦)
ਖਾਲਿਕੁ ਖਲਕ (ਰਚਨਹਾਰ ਵਿੱਚ ਰਚਨਾ ਹੈ- ਸੱਤ)
ਖਲਕ ਮਹਿ ਖਾਲਿਕੁ (ਰਚਨਾ ਵਿਚ ਰਚਨਹਾਰ ਹੈ–ਅਸੱਤ)
ਪੂਰਿ ਰਹਿਓ ਸ੍ਰਬ ਠਾਂਈ ॥ (ਕਿਉਂਕਿ ਰਚਨਹਾਰ ਸਰਬ਼ ਵਿਆਪਕ ਹੈ, ਰਚਨਾ ਵਿਚ ਵੀ ਹੈ, ਬਾਹਰ ਵੀ।)

ਜਿਹੜੇ ਜੀਵ ਹਰਿ ਨਾਮ ਨੂੰ ਆਪਣੇ ਹਿਰਦੇ ਵਿਚ ਵਸਾਉਂਦੇ ਹਨ, ਰਿੱਧੀਆਂ ਸਿੱਧੀਆਂ ਉਨ੍ਹਾਂ ਦੇ ਪਿੱਛੇ ਲੱਗੀਆਂ ਫਿਰਦੀਆਂ ਹਨ ਤੇ ਭਗਤ ਜਨਾ ਨੂੰ ਰੱਤੀ ਭਰ ਵੀ ਲੇਪ ਨਹੀਂ ਲੱਗਦਾ–

ਬ੍ਰਹਮੁ ਬਿੰਦੇ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥
ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ, ਜੋ ਹਰਿ ਹਿਰਦੈ ਸਦਾ ਵਸਾਇ ॥੧॥੧੯॥
[ਸਲੋਕੁ ਮਹਲਾ ੩, ਵਾਰ ਸੋਰਠ, ਪੰਨਾ ੬੪੯]

ਪਰ ਇਹ ਜ਼ਰੂਰੀ ਨਹੀਂ, ਸੱਤ ਨਹੀਂ ਕਿ ਕੋਈ ਰਿੱਧੀ ਸਿੱਧੀ ਦਾ ਮਾਲਕ ਨਾਮ ਦਾ ਰਸੀਆ ਹੋਵੇ। ਅਰਥਾਤ, ਚਲੀਹੇ ਕੱਟ ਕੇ ਰਿੱਧੀਆਂ ਸਿੱਧੀਆ ਪ੍ਰਾਪਤ ਕਰਨ ਤੇ ਨਿਗੁਰੇ ਕਰਮ ਕਰਨ ਨਾਲ ਗੁਰਮਤਿ ਨਾਮ ਦਾ ਰਿਦੇ ਵਿਚ ਵਾਸਾ ਨਹੀਂ ਹੁੰਦਾ–

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥੧॥੧੯॥ [ਵਾਰ ਵਡਹੰਸ, ੫੯੩

ਅਥਾਹ ਬ੍ਰਹਮੰਡ ਦੇ ਸਾਗਰ ਵਿੱਚ ਜੀਵ ਰੂਪੀ ਭਾਂਡਾ ਭਰਿਆ ਪਿਆ ਹੈ। ਜਲ ਕਹਿੰਦਾ ਹੈ ਮੇਰੇ ਅੰਦਰ ਭਾਂਡਾ ਹੈ, ਇਹ ਬਿਲਕੁਲ ਸੱਤ ਹੈ। ਭਾਂਡਾ ਕਹਿੰਦਾ ਹੈ, ਮੇਰੇ ਅੰਦਰ ਜਲ ਹੈ (ਇਹ ਅਸੱਤ ਹੈ), ਕਿਉਂਕਿ ਜਲ ਘੜੇ ਤੋਂ ਬਾਹਰ ਵੀ ਹੈ।

ਭਗਵਾਨ ਕਹਿੰਦਾ ਹੈ ਮੇਰੇ ਵਰਾਟ ਰੂਪੀ ਆਕਾਰ ਵਿਚ ਸਾਰਾ ਜਗਤ ਸਮਾਇਆ ਹੋਇਆ ਹੈ, ਸਾਰਾ ਸੰਸਾਰ ਮੇਰਾ ਹੈ ਤੇ ਮੇਰੇ ਅੰਦਰ ਹੈ ਪਰ ਜੇ ਕੋਈ ਬੰਦਾ ਕਹੇ ਕਿ ਭਗਵਾਨ ਮੇਰੇ ਅੰਦਰ ਹੈ ਅਰ ਮੈਂ ਖੁਦਾ ਹਾਂ, ਇਹ ਅੰਸ਼ਿਕ ਮਾਤਰ ਸੱਤ ਹੈ, ਕਿਉਂਕਿ ਖ਼ੁਦਾ ਉਸ ਅੰਦਰ ਵੀ ਹੈ ਤੇ ਬਾਹਰ ਵੀ। ਇਸ ਭੇਦ ਨੂੰ ਗਲਤ ਸਮਝਣ ਨਾਲ ਵਾਦ-ਵਿਵਾਦ ਖੜਾ ਹੋ ਜਾਂਦਾ ਹੈ। ਹਜ਼ੂਰ ਦਾ ਬਚਨ ਹੈ–


www.AKJ.Org

ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥੨॥੧੧੭॥ (੮੨੭)

ਇਕ ਹੋਰ ਫ਼ੁਰਮਾਨ ਹੈ–

ਹਰਿ ਮਹਿ ਤਨੁ ਹੈ, ਤਨ ਮਹਿ ਹਰਿ ਹੈ, ਸਰਬ ਨਿਰੰਤਰਿ ਸੋਇ ਰੇ ॥
ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥੩॥੩॥ (ਗੋਂਡ, ੮੭੦)

ਜੇ ਪਰਮਾਤਮਾ ਇਕ ਖ਼ੁਦਾ-ਰਸੀਦਹ ਇਨਸਾਨ ਦੇ ਹਿਰਦੇ ਵਿਚ ਵੱਸਦਾ ਹੈ, ਤਾਂ ਇਸ ਦਾ ਇਹ ਮਤਲਬ ਨਹੀਂ ਕਿ ਪਰਮਾਤਮਾ ਉਸ ਤੋਂ ਬਾਹਰ ਨਹੀਂ ਹੈ–

ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ ॥
ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥੧॥
ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥
ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥੨੧॥੨॥ (੭੦੦)

ਸਰਗੁਨ ਸਰੂਪ ਦੀ ਪੂਜਾ ਜਾਂ ਸਤਿਕਾਰ ਵੱਖਰੀ ਗੱਲ ਹੈ, ਪਰ ਜਿਨ੍ਹਾਂ ਨੇ ਪਰਮਾਤਮਾ ਨੂੰ ਜਨਮ ਧਾਰ ਕੇ ਕੇਵਲ ਇਕ ਕਲਬੂਤ ਅੰਦਰ ਵਸਿਆ ਤੱਕਿਆ ਹੈ, ਉਹ ਜ਼ਬਰਦਸਤ ਭੁਲੇਖੇ ਦੇ ਸ਼ਿਕਾਰ ਹੋਏ ਹਨ। ਇਨ੍ਹਾਂ ਨੇ ਸ਼ਾਇਦ ਸਮਝਿਆ ਹੋਵੇਗਾ ਕਿ ਬਾਕੀ ਸਾਰਾ ਸੰਸਾਰ ਉਸ ਰੱਬੀ ਜੋਤਿ ਤੋਂ ਵੰਚਿਤ ਹੋ ਗਿਆ। ਅਜਿਹੇ ਲੋਕਾਂ ਨੂੰ ਸੁਮੱਤਿ ਬਖ਼ਸ਼ਣ ਲਈ ਭਗਤ ਕਬੀਰ ਜੀ ਨੇ ਇਹ ਦਲੀਲ ਦਿੱਤੀ ਹੈ–

ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥
ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥੧॥
ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ॥ ਨੰਦ ਸੁ ਨੰਦਨੁ ਕਾਂ ਕੋ ਰੇ ॥
ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥੧॥ਰਹਾਉ॥
ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥੧੯॥ (ਗਉੜੀ, ੩੩੮-੩੯)

ਸ਼ਮਸ ਤਬਰੇਜ਼ੀ ਦੀ ਪਵਿੱਤਰ ਆਤਮਾ ਅੱਲਾ ਨਾਲ ਇਕ-ਮਿੱਕ ਹੋ ਚੁਕੀ ਸੀ। ਇਥੇ ਤੋਹੀ ਮੋਹੀ ਦਾ ਅੰਤਰ ਖ਼ਤਮ ਹੋ ਗਿਆ ਸੀ। ਫ਼ਾਰਸੀ ਦਾ ਇਕ ਹੇਠ ਲਿਖਿਆ ਬੰਦ ਭਲੀ ਭਾਂਤ ਤਰਜਮਾਨੀ ਕਰਦਾ ਹੈ–

ਮਨ ਤੂ ਸ਼ੁਦਮ ਤੂ ਮਨ ਸ਼ੁਦੀ, ਮਨ ਤਨ ਸ਼ੁਦਮ ਤੂ ਜਾਂ ਸ਼ੁਦੀ।
ਤਾ ਕਸ ਨਗੋਇਦ ਬਾਅਦ ਅਜ਼ੀਂ ਮਨ ਦੀਗਰਮ ਤੂ ਦੀਗਰੀ ॥

ਤਾਣੇ ਪੇਟੇ ਵਾਂਗਰ ਏਨਾ ਡੂੰਘਾ ਸੰਬੰਧ ਕਿ ਬਾਅਦ ਵਿਚ ਕੋਈ ਇਹ ਨ ਆਖੇ ਮੈਂ ਹੋਰ ਹਾਂ ਤੂੰ ਹੋਰ ਹੈਂ।

ਸਮੁੱਚੀ ਵੀਚਾਰ ਦਾ ਤੱਤ ਇਹ ਹੈ ਕਿ ਪ੍ਰਭੂ ਤੇ ਉਸ ਦੇ ਪਿਆਰੇ ਸੰਤ, ਭਗਤ, ਅਨੰਤ ਗੁਣਾਂ ਦੇ ਮਾਲਕ ਹਨ ਤੇ ਕਿਸੇ ਇਕ ਗੁਣ ਤੋਂ ਉਨ੍ਹਾਂ ਦੀ ਗਤਿ ਮਿਤਿ ਦਾ ਅਨੁਮਾਨ ਨਹੀਂ ਲੱਗਦਾ। ਇਹ ਗੁਣ ਹਰਿਨਾਮ–ਰਿਧਿ ਸਿਧਿ, ਨਿਰਗੁਣ–ਸਰਗੁਣ, ਸ਼ਕਤੀ–ਭਗਤੀ, ਗੁਰ–ਚੇਲਾ, ਗੁਪਤ–ਪ੍ਰਗਟ ਆਦਿਕ ਸ੍ਵੈ-ਵਿਰੋਧੀ ਗੁਣ ਵਾਸਤਵ ਵਿਚ ਇੱਕ ਦੂਸਰੇ ਦੇ ਪੂਰਕ ਹਨ ਤੇ ਪ੍ਰਭੂ ਦੀ ਸੰਪੂਰਨ ਹੋਂਦ ਨੂੰ ਦ੍ਰਿਸ਼ਟਾਉਂਦੇ ਹਨ। ਇਹ ਦੋ ਤੋਂ ਵਧ ਵੀ ਹੋ ਸਕਦੇ ਹਨ। ਜਿਨ੍ਹਾਂ ਨੇ ਕੇਵਲ ਭਗਤੀ ਅਪਣਾਈ, ਉਹ ਸਰਬ ਸ਼ਕਤੀਮਾਨ ਪਰਮਾਤਮਾ ਦੀ ਭੌਤਿਕ ਸ਼ਕਤੀ ਤੋਂ ਵਾਂਜੇ ਰਹਿ ਕੇ, ਸੱਤਾ ਦੇ ਪ੍ਰਬਲ ਖੂਨੀ ਪੰਜੇ ਤੋਂ ਖੁਆਰ ਹੋਏ ਤੇ ਅਧੂਰੇ ਰਹੇ। ਸ਼ਕਤੀ ਵਾਲੇ ਹੰਕਾਰ ਚਿ ਮੱਤੇ ਜ਼ੁਲਮ-ਤਸ਼ੱਦਦ ਤੇ ਤੁੱਲ ਪਏ। ਰਿਧਿ ਸਿਧਿ ਦੇ ਦੀਵਾਨੇ ਜੋਗੀ, ਸਿੱਧ ਤੇ ਨਾਥ ਨਾਮ-ਰਸ ਦੇ ਪੰਧ ਤੋਂ ਉੱਖੜ ਗਏ। ਸਰਗੁਨ ਦੇ ਪੁਜਾਰੀਆਂ ਨੇ ਆਪਣਾ ਵੱਖਰਾ ਵੱਖਰਾ ਭਗਵਾਨ ਬਣਾ ਲਿਆ। ਸਾਰਾ ਜਗਤ ਭੰਬਲ ਭੂਸੇ ਵਿਚ ਫੱਸ ਗਿਆ। ਇਸ ਘੋਰ ਕਲਿ ਵਿਚ ਏਕਤਾ-ਅਨੇਕਤਾ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਚਾਨਣ-ਮੁਨਾਰੇ ਵਾਂਗ ਸੱਚੇ ਮਾਰਗ ਤੋਂ ਭਟਕਿਆਂ ਹੋਇਆਂ ਨੂੰ ਸੱਚਾ ਰਾਹ ਦਿਖਾਉਂਦੀ ਹੈ।


www.AKJ.Org

ਇਸ ਦਾ ਆਪਣਾ ਨਿਰਗੁਨ-ਸਰਗੁਨ-ਗੁਰ-ਸ਼ਬਦ ਦਾ ਤ੍ਰੈ-ਅੰਗਾ ਸਰੂਪ ਦੇਵਾਂ ਦਾ ਦੇਵ, ਤ੍ਰਿਮਾਨ ਦੇਵ, ਵਾਹਦੀਅਤ ਤੇ ਅਖੰਡਤਾ ਨੂੰ ਦ੍ਰਿੜ੍ਹ ਕਰਾਉਂਦਾ ਹੈ—

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥

ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥...(੭੯) (ਜਾਪੁ ਸਾਹਿਬ)

ਪ੍ਰਭੂ-ਪ੍ਰਾਪਤੀ ਦੇ ਤਿੰਨ ਮਾਰਗ ਦੱਸੇ ਗਏ ਹਨ। ਗੁਰਬਾਣੀ ਵਿਚ ਕੇਵਲ ਇੱਕ ਮਾਰਗ ਨੂੰ ਨਹੀਂ ਅਪਣਾਇਆ ਗਿਆ। ਇਹ ਗਿਆਨ-ਧਿਆਨ ਕਰਮ ਦਾ ਲਾਜਵਾਬ ਸੰਗਮ ਹੈ। ਸਗਲ ਬ੍ਰਹਮੰਡ ਦੇ ਅਧਿਆਤਮਕ ਜਗਿਆਸੂਆਂ ਤੇ ਖੋਜੀਆਂ ਦੀ ਸਦੀਵੀ ਤ੍ਰਿਪਤੀ ਲਈ ਇਹ ਵਿਸ਼ਾਲ ਥਾਲ ਬੇਅੰਤ ਹੀਰੇ, ਮੋਤੀ, ਲਾਲਾਂ ਨਾਲ ਸੁਸ਼ੋਭਤ ਹੈ, ਜਿਨ੍ਹਾਂ ਵਿਚੋਂ ਤਿੰਨ ਵਸਤੂਆਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਆਇਆ ਹੈ—

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥ (੧੪੨੯)

ਪੂਰੇ ਗੁਰੂ ਦਾ ਪੂਰਾ ਉਪਦੇਸ਼,ਗੁਰ-ਮੰਤਰ ਤੇ ਗੁਰਬਾਣੀ ਦਾ ਸੁਜੋੜ ਮਾਇਆ ਦੇ ਤ੍ਰਿਬਿਧਿ ਬੰਧਨ ਕੱਟਣ ਦੇ ਸਮਰੱਥ ਹੈ—

ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ, ਗੁਰ ਸਬਦੀ ਮੁਕਤਿ ਕਰਾਵਣਿਆ ॥੩॥੨੯॥

(ਮਾਝ ਮਹਲਾ ੩—੧੨੭)

ਕਿਰਪਾ ਸਿੰਧੁ, ਕਾਲ ਤ੍ਰੈ ਦਰਸੀ, ਸਤਿਗੁਰ ਨਾਨਕ ਦੇਵ ਜੀ ਦੀ ਜੋਤਿ ਨੇ ਸਭ ਸੰਸਾਰ ਉਬਾਰਨ ਲਈ ਗੁਰਸਿੱਖੀ ਦੇ ਤਿੰਨ ਮੁੱਖ ਨਿਯਮ ਦ੍ਰਿੜ੍ਹਾ ਕੇ ਸਚੇ ਬੋਹਿਥ ਵਿਚ ਬਿਠਾਇਆ—

ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥ (ਪੰਨਾ ੭੩-੭੪)

"ਗੁਰਸਿੱਖ ਮੁਹਤਾਜ ਹੋ ਕੇ ਕਿਸੇ ਅੱਗੇ ਝੋਲੀ ਨ ਅੱਡੇ, ਦੈਵੀ ਗੁਣ ਗ੍ਰਹਿਣ ਕਰੇ ਤੇ ਦਯਾਵਾਨ ਬਣ ਕੇ ਆਪਾ ਨਿਛਾਵਰ ਕਰਨਾ ਸਿਖੇ।" ਸੱਚੇ ਸਤਿਗੁਰੂ ਵਲੋਂ ਆਪਣੇ ਪਿਆਰੇ ਗੁਰਸਿੱਖਾਂ ਨੂੰ ਕਿਰਤ ਕਰਨੀ, ਨਾਮ ਜਪਣ ਤੇ ਵੰਡ ਛਕਣ ਜੈਸੇ ਬੁਨਿਆਦੀ ਕਰਮਾਂ ਨੂੰ ਅਮਲੀ ਤੌਰ ਤੇ ਕਮਾਉਣ ਦਾ ਉਪਦੇਸ਼ ਪ੍ਰਾਪਤ ਹੋਇਆ ਹੈ।

ਦਸਮੇਸ਼ ਪਿਤਾ ਨੇ ਗੁਰਸਿੱਖੀ ਦੇ ਸਰੂਪ ਨੂੰ ਅੰਤਮ ਛੁਹ ਲਾ ਕੇ ਹਰੇਕ ਪਖੋਂ ਸੰਪੂਰਨਤਾ ਦਿੱਤੀ। ਅੰਮ੍ਰਿਤ ਨੇ ਐਸੀ ਕਲਾ ਵਰਤਾਈ ਕਿ ਹੀਣ ਭਾਵ, ਨਿਰਬਲਤਾ ਤੇ ਨਿਰਾਸਤਾ ਖੰਭ ਲਾ ਕੇ ਉੱਡ ਗਏ ਤੇ ਉਨ੍ਹਾਂ ਦਾ ਸਥਾਨ ਆਤਮ ਬਲ, ਨਿਡਰਤਾ, ਚੜ੍ਹਦੀ ਕਲਾ ਤੇ ਸ੍ਵੈ-ਵਿਸ਼ਵਾਸ ਆਦਿਕ ਸਰੇਸ਼ਟ ਖੂਬੀਆਂ ਨੇ ਲੈ ਲਿਆ। ਅਜਿਹੀਆਂ ਰੱਬੀ ਸਿਫਤਾਂ ਨੇ ਗੁਰਸਿੱਖ ਨੂੰ ਮੁਕੰਮਲ ਇਨਸਾਨ, ਸੰਤ ਸਿਪਾਹੀ ਬਣਾ ਕੇ ਹਰੇਕ ਸੰਸਾਰਕ ਖੇਤਰ ਵਿਚ ਜਿੱਤ ਦਾ ਅਹਿਸਾਸ ਵੀ ਦਿੱਤਾ ਤੇ ਨੀਸ਼ਾਣ ਵੀ।

ਮਹਾਨ ਕੋਸ਼ ਅਨੁਸਾਰ ਖਾਲਸਾ ਪੰਥ ਨੇ ਸੰਨ ੧੭੬੫ ਵਿਚ ਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਜਿਹੜਾ ਸਿੱਕਾ ਚਲਾਇਆ, ਉਸ ਦੀ ਇਬਾਰਤ ਇਉਂ ਲਿਖੀ ਗਈ ਹੈ—

ਦੇਗੋ ਤੇਗੋ ਫ਼ਤਹ ਨੁਸਰਤ ਬੇਦਰੰਗ। ਯਾਫਤਜ਼ ਨਾਨਕ ਗੁਰ ਗੋਬਿੰਦ ਸਿੰਘ।

ਅਰਥਾਤ, ਖਾਲਸੇ ਨੇ ਸਰੀਰਕ ਬਲ, ਤੇਗ-ਜ਼ਨੀ, ਅਤੁੱਟ ਲੰਗਰ, ਤੁਰੰਤ ਸਹਾਇਤਾ ਤੇ ਜਿੱਤ ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕੀਤੀ ਹੈ।

ਖਾਲਸੇ ਦਾ ਬਹੁ-ਪੱਖੀ ਸ਼ਕਤੀਆਂ ਦਾ ਮਾਲਕ ਬਣਨਾ ਗੁਰੂ ਕਲਗੀਧਰ ਪਾਤਸ਼ਾਹ ਦੀ ਇਲਾਹੀ ਰਹਿਮਤ ਦੇ ਸਦਕੇ ਹੈ, ਜਿਨ੍ਹਾਂ ਨੇ ਗੁਰੂ ਚੇਲੇ ਦਾ ਫ਼ਰਕ ਮਿਟਾ ਕੇ, ਆਪਣਾ ਸਰਬ-ਗੁਣੀ-ਭਰਪੂਰ ਆਪਾ ਖਾਲਸੇ ਵਿਚ ਸਮਾਇਆ ਹੈ।

www.AKJ.Org

# "ਨਾਨਕ ਉਤਮੁ ਨੀਚੁ ਨ ਕੋਇ ॥"*

[ਸ: ਮਦਨ ਸਿੰਘ ਜੀ, 11-ਅਪਾਲੋ ਵੇ, ਪੈਰੀ ਬਾਰ, ਬਰਮਿੰਘਮ, ਯੂ. ਕੇ.]

ਸਿੱਖ ਧਰਮ ਜਿਥੇ ਅਧਿਆਤਮਿਕ ਪੱਖ ਨੂੰ ਸੁਚੱਜੇ ਢੰਗ ਨਾਲ ਨਿਖਾਰਦਾ ਹੈ ਉਥੇ ਸਮਾਜਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਵੀ ਬਚਨ-ਬੱਧ ਹੈ ਤੇ ਸੇਧਾ ਦਿੰਦਾ ਹੈ । ਜਨਮ ਕਾਰਨ ਹੀ ਨਾ-ਬਰਾਬਰੀ ਵਾਲੇ ਸਮਾਜ ਨੂੰ ਸਿਖ ਗੁਰੂ ਸਾਹਿਬਾਨ ਨੇ ਕਦੇ ਵੀ ਪਰਵਾਨ ਨਹੀਂ ਕੀਤਾ । ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਨੇ "ਨਾਨਕ ਉਤਮੁ ਨੀਚੁ ਨ ਕੋਇ" ਆਖ ਕੇ ਬ੍ਰਹਮਣਵਾਦ ਦੇ ਖ਼ਿਲਾਫ਼ ਬਗਾਵਤ ਦਾ ਮੁੱਢ ਬੰਨ੍ਹਿਆ, ਜਿਹੜਾ ਉਹਨਾਂ ਦੇ ਉਤਰ-ਅਧਿਕਾਰੀਆ ਨੇ ਨਿਰਮਲ ਸੋਚ ਅਤੇ ਦ੍ਰਿੜ੍ਹਤਾ ਨਾਲ ੨੩੦ ਸਾਲਾਂ ਦੀ ਲਮੀ ਜਦੋ ਜਿਹਦ ਨਾਲ ਸੰਪੂਰਨ ਕੀਤਾ ਕੇ ਆਪਣੀ ਉਮਤ ਨੂੰ ਘੋਲ ਜਾਰੀ ਰਖਣ ਲਈ ਕਰੜੇ ਹੁਕਮ ਜਾਰੀ ਕੀਤੇ ।

ਸਿੱਖ ਧਰਮ ਵਿਚ ਵਰਣ-ਵੰਡ ਬਾਰੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ 'ਗੁਰਮਤਿ ਮਾਰਤੰਡ' ਦੇ ਪੰਨਾ ੫੦੧ ਉਤੇ ਲਿਖਦੇ ਹਨ—

"ਸਿੱਖ ਧਰਮ ਵਿਚ ਜਾਤਿ ਕੇਵਲ ਕਰਮਾਨੁਸਾਰ ਹੈ, ਜਨਮ ਨਾਲ ਇਸਦਾ ਸੰਬੰਧ ਨਹੀਂ । ਜੇ ਸੂਦਰ ਆਤਮ ਗਿਆਨੀ ਵਿਦਵਾਨ ਹੋ ਕੇ ਉਪਦੇਸ਼ ਕਰਦਾ ਹੈ ਤਾਂ ਉਹੀ ਬ੍ਰਾਹਮਣ ਹੈ ।" ਇਸ ਦਾ ਵਿਸਥਾਰ ਕਰਦੇ ਹੋਏ ਲਿਖਦੇ ਹਨ ਕਿ—"ਭਾਰਤ ਦੀ ਦੁਰਦਸ਼ਾ ਦਾ ਮੁਖ ਕਾਰਣ ਇਹ ਹੋਇਆ ਕਿ ਜਾਤਿ-ਅਭਿਮਾਨੀਆਂ ਨੇ ਸਦਾਚਾਰ ਦੀ ਕਦਰ ਨਾ ਕਰ ਕੇ ਜਾਤਿ ਦੀ ਮਹਿਮਾ ਪਰਗਟ ਕੀਤੀ ।" ਡਾਕਟਰ ਭਾਈ ਜੋਧ ਸਿੰਘ ਜੀ ਨੇ 'ਵਰਣ ਆਸ਼ਰਮ ਧਰਮ' ਦੇ ਸਿਰਲੇਖ ਹੇਠ ਲਿਖਿਆ ਹੈ, 'ਇਕ ਹੋਰ ਸਿਧਾਂਤ—ਜਿਸ ਸੰਬੰਧੀ ਪੁਰਾਣ ਭਾਰਤੀ ਚਿੰਤਕਾਂ ਅਤੇ ਗੁਰੂ ਨਾਨਕ ਦੇਵ ਜੀ ਦਾ ਬਹੁਤ ਮੱਤ-ਭੇਦ ਹੈ, ਉਹ ਵਰਣ ਆਸਰਮ ਹੈ । ਵਰਣਾਂ ਦੀ ਵੰਡ ਵੇਦਿਕ ਕਾਲ ਤੋਂ ਹੀ ਅਰੰਭ ਹੋ ਗਈ ਸੀ । ਪ੍ਰੰਤੂ ਉਸ ਸਮੇਂ ਵਰਣ ਬਦਲਣ ਦੀ ਵੀ ਖੁਲ੍ਹ ਸੀ । ਕੁਝ ਸਮਾਂ ਲੰਘਣ ਤੇ ਵਰਣ ਜਨਮ ਤੋਂ ਹੀ ਨਿਸਚਿਤ ਹੋਣ ਲਗ ਪਿਆ ਅਤੇ ਮੰਨੂ ਜੀ ਨੇ ਇਸ ਵਿਚਾਰ ਨੂੰ ਪੱਕਾ ਕਰ ਦਿੱਤਾ । ਗੁਰੂ ਨਾਨਕ ਦੇਵ ਜੀ ਨੇ ਕਹਿਆ ਕਿ ਸਭ ਮਨੁਖ ਇਕ ਨਿਰੰਕਾਰ ਦੀ ਸਿਰਜਣਾ ਹਨ । ਉਹਨਾਂ ਵਿਚ ਉਚਾ ਨੀਵਾਂ ਕੋਈ ਨਹੀਂ ।"

ਸਿਖ ਕੌਮ ਦਾ ਸਿਖਿਆ-ਸਰੋਤ ਗੁਰੂ ਗ੍ਰੰਥ ਸਾਹਿਬ ਜੀ ਹਨ । ਹਰ ਸਿਖ ਨੂੰ ਇਸ ਵਿਚ ਦਰਜ ਬਾਣੀ ਮੁਤਾਬਿਕ ਆਪਣੀ ਜੀਵਨ-ਗੱਡੀ ਚਲਾਉਣ ਦਾ ਹੁਕਮ ਹੈ ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਤੇ ਪ੍ਰਸਿਧ ਫ਼ਿਲਾਸਫ਼ਰ ਡਾ: ਰਾਧਾ ਕ੍ਰਿਸ਼ਨਨ ਨੇ ਇਸ ਗ੍ਰੰਥ ਦਾ ਅਧਿਐਨ ਕਰਨ ਪਿਛੋਂ, ਇਸ ਮਹਾਨ ਗ੍ਰੰਥ ਪ੍ਰਤੀ ਆਪਣੀ ਸ਼ਰਧਾ ਅਰਪਤ ਕਰਨ ਸਮੇਂ ਆਖਿਆ ਸੀ, "ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਪੀਰਾਂ ਪੈਗੰਬਰਾਂ ਦੀ ਜੀਉਂਦੀ ਜਾਗਦੀ ਆਵਾਜ਼ ਹੈ ।"

ਇਹ ਗੱਲ ਚਿੱਟੀ ਧੁਪ ਵਾਂਗ ਸੱਚ ਹੈ ਕਿ ਗੁਰੂ ਸਾਹਿਬਾਨ ਨੇ ਸਿੱਖ ਧਰਮ ਨੂੰ ਕੇਵਲ ਹਿੰਦੂ ਧਰਮ ਨਾਲੋਂ ਨਿਖੇੜਿਆ ਹੀ ਨਹੀਂ, ਸਗੋਂ ਭਾਈ ਗੁਰਦਾਸ ਜੀ ਅਨੁਸਾਰ ਆਪਣਾ ਨਿਆਰਾ ਨਿਰਮਲ ਪੰਥ ਅਸਥਾਪਤ ਕੀਤਾ—

ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥੁ ਚਲਾਇਆ ॥ ੧/੪੫

ਅਰਥ ਭਰਪੂਰ ਗੱਲ ਇਹ ਹੈ ਕਿ ਸਿਖ ਧਰਮ ਵਰਣ-ਆਸ਼ਰਮ ਦੇ ਬੰਧਨ ਤੋੜ ਕੇ ਅਸਥਾਪਤ ਕੀਤਾ । ਭਾਈ ਗੁਰਦਾਸ ਜੀ ਲਿਖਦੇ ਹਨ—

ਚਾਰੇ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ ॥
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ ॥ ੧/੨੩

ਤਥਾ—ਚਾਰਿ ਵਰਨ ਸੰਸਾਰ ਵਿਚ ਖਹਿ ਖਹਿ ਮਰਦੇ ਭਰਮਿ ਭਰਾਤੀ ॥
ਛਿਅ ਦਰਸਨ ਹੋਇ ਵਰਤਿਆ, ਬਾਰ੍ਹਹ ਵਾਟ ਉਚਾਟ ਜਮਾਤੀ ॥
ਪ੍ਰੰਤੂ—ਗੁਰਮੁਖਿ ਵਰਨ ਅਵਰਨ ਹੋਇ, ਰੰਗ ਸੁਰੰਗ ਤੰਬੋਲ ਸੁਹਾਤੀ ॥ ੧੨/੧੨

www.AKJ.Org

ਸਿੱਖ ਧਰਮ ਦੇ ਬਾਨੀ ਗੁਰ ਨਾਨਕ ਪਾਤਸ਼ਾਹ ਦਾ ਫ਼ੁਰਮਾਨ ਹੈ–

–ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥੧॥੩॥ (ਸਲੋਕ ਮ ੧, ਪੰਨਾ ੮੩

–ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥ਰਹਾਉ॥੩॥ [ਆਸਾ ਮ: ੧, ਪੰਨਾ ੩੪੯

–ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥

ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥੧੧॥ [ਮ: ੧ ਆਸਾ ਦੀ ਵਾਰ–੪੬੯

–ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥੪॥੧੦॥ [ਪ੍ਰਭਾਤੀ ਮ: ੧, ਪੰਨਾ ੧੩੩੦

–ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤ ਧੋਤੀ ਕੀਨੀ ॥

ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥ [ਪੰਨ ੩੫੮

ਗੁਰੂ ਨਾਨਕ ਪਾਤਸ਼ਾਹ ਨੇ ਵਰਣ-ਵੰਡ ਵਿਰੁਧ ਸਿਰਫ ਲਿਖਿਆ ਹੀ ਨਹੀਂ, ਸਗੋਂ ਆਪਣ ਅਮਲੀ ਜੀਵਨ ਰਾਹੀਂ ਵੀ ਕਮਾ ਕੇ ਦਸਿਆ। ਮਰਦਾਨਾ ਡੂੰਮ ਮਿਰਾਸੀ ਸੀ, ਪਰ ਗੁਰ ਸਾਹਿਬ ਦਾ ਤੋੜ ਨਿਭਾਹੁਣ ਵਾਲਾ ਸਭ ਤੋਂ ਪਿਆਰਾ ਇਕ ਮਿਤ੍ਰ ਸੀ। ਭਾਈ ਲਾਲੋ ਨੀਵੀਂ ਜਾਤ ਵਿਚੋਂ ਸੀ, ਪ੍ਰੰਤੂ ਗੁਰੂ ਸਾਹਿਬ ਇਹਦੀ ਕੁੱਲੀ ਵਿਚ ਹੀ ਠਹਿਰੇ ਸਨ ਤੇ ਜਾਤਿ-ਅਭਿਮਾਨੀ ਮਲਕ ਭਾਗੋ ਨੂੰ ਦੁਰਕਾਰਿਆ ਸੀ। ਪਰਚਾਰ-ਫੇਰੀਆਂ ਬਾਅਦ ਕਰਤਾਰਪੁਰ (ਪਾਕਿਸਤਾਨ) ਵਿਚ ਲੰਗਰ ਤੇ ਪੰਗਤ ਦੀ ਪਿਰਤ ਚਾਲੂ ਕੀਤੀ, ਜਿਹੜੀ ਇਸ ਸਮੇਂ ਵੀ ਹਰ ਗੁਰਦੁਆਰੇ ਦੀ ਮਰਯਾਦਾ ਦਾ ਅਤੁੱਟ ਅੰਗ ਹੈ। ਗੁਰੂ ਕੇ ਲੰਗਰ ਵਿਚ ਹਰੇਕ ਜਾਤੀ ਦਾ ਬੰਦਾ ਭਜਨ ਪਾ ਸਕਦਾ ਹੈ ਅਤੇ ਕੁਛ ਸਮੇਂ ਲਈ ਬਿਸਰਾਮ ਵੀ ਕਰ ਸਕਦਾ ਹੈ। ਗੁਰੂ ਅਮਰਦਾਸ ਜੀ ਨੇ ਜਾਤਿ ਅਭਿਮਾਨ ਨੂੰ ਖ਼ਤਮ ਕਰਨ ਲਈ ਹੀ ਫੁਰਮਾਇਆ ਕਿ–

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥

ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ਰਹਾਉ॥ [ਭੈਰਉ ਮ: ੩, ਪੰਨਾ ੧੧੨੮

ਅਤੇ ਇਸੇ ਲਈ ਆਪ ਜੀ ਨੇ ਹੁਕਮ ਕੀਤਾ ਕਿ ਜੋ ਕੋਈ ਲੰਗਰ ਵਿਚ ਪ੍ਰਸ਼ਾਦਾ ਨਹੀਂ ਛਕੇਗਾ ਉਸਨੂੰ ਗੁਰੂ ਦੇ ਦਰਸ਼ਨ ਨਹੀਂ ਹੋਣਗੇ। ਇਹ ਗੱਲ ਉਸ ਸਮੇਂ ਧਾਰਮਿਕ ਦੁਨੀਆ ਵਿਚ ਬਿਲਕੁਲ ਅਨੋਖੀ ਸੀ ਪ੍ਰੰਤੂ ਇਸ ਤੋਂ ਅਕਬਰ ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ। ਇਤਿਹਾਸ ਗਵਾਹੀ ਭਰਦਾ ਹੈ ਕਿ ਅਕਬਰ ਸ਼ਹਿਨਸ਼ਾਹ ਤੇ ਰਾਜਾ ਹਰੀਪੁਰ ਵਰਗੇ ਪਹਾੜੀ ਰਾਜੇ ਨੇ ਵੀ ਗੁਰੂ ਸਾਹਿਬ ਦੇ ਲੰਗਰ ਵਿਚ ਗਰੀਬ ਸਿੱਖਾਂ ਦੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਗੁਰੂ ਦਰਸ਼ਨਾਂ ਦੇ ਅਧਿਕਾਰੀ ਬਣੇ।

ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਮਹਾਰਾਜ ਨੇ ਵੀ ਵਰਣ-ਵੰਡ ਦੀ ਵਿਰੋਧਤਾ ਕੀਤੀ। ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਸਾਈਂ ਮੀਆਂ ਮੀਰ ਪਾਸੋਂ ਰਖਵਾਇਆ। ਸਾਰੀਆਂ ਜਾਤੀਆਂ ਦੇ ਇਸ਼ਨਾਨ ਲਈ ਸਾਂਝਾ ਸਰੋਵਰ ਬਣਾਇਆ। "ਉਪਦੇਸ ਚਹੁ ਵਰਨਾ ਕਉ ਸਾਝਾ" ਆਖ ਕੇ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਚਾਰ ਦਰਵਾਜ਼ੇ ਚਹੁੰਆਂ ਜਾਤਾਂ ਲਈ ਖੋਲ੍ਹ ਦਿੱਤੇ।

ਗੁਰੂ ਗੋਬਿੰਦ ਸਿੰਘ ਜੀ ਨੇ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਆਖ ਕੇ ਵਰਨ-ਵੰਡ ਦੇ ਕਫ਼ਨ ਵਿਚ ਆਖ਼ਰੀ ਕਿੱਲ ਠੋਕ ਦਿੱਤਾ ਅਤੇ ਬਰਾਬਰਤਾ ਵਾਲੇ ਸਮਾਜ ਦਾ ਪਰਚਮ ਲਹਿਰਾ ਦਿਤਾ। ਇਸ ਪ੍ਰਪਾਟੀ ਨੂੰ ਪਕਿਆਂ ਕਰਨ ਲਈ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਪਹਿਲਾਂ ਪੰਜਾ ਗੁਰੂ ਪਿਆਰਿਆਂ ਨੂੰ ਛਕਾਇਆ, ਫਿਰ ਆਪ ਉਹਨਾਂ ਦੇ ਹੱਥੋਂ ਛਕਿਆ। ਇਹ ਪੰਜ ਪਿਆਰੇ ਸਨ–ਇਕ ਖਤਰੀ, ਤਿੰਨ ਸੂਦਰ ਅਤੇ ਇਕ ਜੱਟ, ਜੋ ਵੈਸ਼ਯ ਦੀ ਸਭ ਤੋਂ ਹੇਠਲੀ ਜਾਤਿ ਸ਼ੂਦਰਾਂ ਨਾਲ ਲਗਦੀ ਹੈ।

ਇਤਿਹਾਸ ਗਵਾਹ ਹੈ ਕਿ ਸਿੰਘਾਂ ਦੀ ਬਹਾਦਰੀ ਦੇ ਕਾਰਨਾਮੇ ਸੁਣ ਕੇ ਤੇ ਅਖੀਂ ਦੇਖ ਕੇ ਪਹਾੜੀ ਹਿੰਦੂ


www.AKJ.Org

ਰਾਜਿਆਂ ਨੇ ਵੀ ਅੰਮ੍ਰਿਤ ਪਾਨ ਕਰਨ ਲਈ ਸਤਿਗੁਰੂ ਜੀ ਪਾਸ ਬੇਨਤੀ ਕੀਤੀ। ਪ੍ਰੰਤੂ ਨੀਵੀਂ ਜਾਤ ਦੇ ਲੋਕਾਂ ਨਾਲ ਰਲ ਕੇ ਨਹੀਂ। ਉਹਨਾਂ ਮੁਤਾਬਿਕ ਉਚ ਜਾਤੀ ਦੇ ਹੋਣ ਕਰਕੇ ਉਹਨਾਂ ਲਈ ਅੰਮ੍ਰਿਤ ਦਾ ਬਾਟਾ ਵੀ ਵਖਰਾ ਉਚੇਚਾ ਤਿਆਰ ਹੋਣਾ ਚਾਹੀਦਾ ਹੈ। ਉਚ ਜਾਤਿ ਦੀ ਹੰਕਾਰੀ ਰੜਕ ਨੂੰ ਮਸਲ ਦੇਣ ਲਈ ਸਾਹਿਬਾਂ ਨੇ ਨੀਚ ਕਹੇ ਜਾਂਦੇ ਬੰਦਿਆਂ ਨੂੰ "ਰੰਘਰੇਟੇ ਗੁਰੂ ਕੇ ਬੇਟੇ" ਆਖ ਕੇ ਨਿਵਾਜਿਆ ਤੇ ਹੰਕਾਰੀ ਪਹਾੜੀ ਰਾਜਿਆਂ ਦੀ ਵੰਗਾਰ ਨੂੰ ਠੁਕਰਾ ਦਿਤਾ। ਭਾਈ ਜੀਵਨ ਸਿੰਘ ਰੰਘਰੇਟੇ ਨੂੰ ਆਪਣੀਆਂ ਫੌਜਾਂ ਦਾ ਜਰਨੈਲ ਥਾਪਿਆ। ਚਮਕੌਰ ਦੀ ਗੜ੍ਹੀ ਵਿਚ ਭਾਈ ਸੰਗਤ ਸਿੰਘ ਨੂੰ ਜਰਨੈਲੀ ਬਖਸ਼ੀ।

ਇਹ ਉਦਾਹਰਣਾਂ ਸਾਬਤ ਕਰਦੀਆਂ ਹਨ ਕਿ ਸਾਰੇ ਗੁਰੂ ਸਾਹਿਬਾਨ ਵਰਨ-ਵੰਡ ਦੇ ਕਟੜ ਵਿਰੋਧੀ ਸਨ ਤੇ ਇਸ ਨਾ-ਬਰਾਬਰੀ ਵਾਲੇ ਸਮਾਜ ਨੂੰ ਖ਼ਤਮ ਕਰਨ ਲਈ ਜਦੋ ਜਿਹਦ ਕਰਦੇ ਰਹੇ। ਇਹ ਪਿਰਤ ਗੁਰੂ ਸਾਹਿਬ ਦੀ ਹਯਾਤੀ ਬਾਅਦ ਵੀ ਚਾਲੂ ਰਹੀ। ਸਰਹਿੰਦ ਫ਼ਤਹ ਹੋਣ ਬਾਅਦ ਭਾਈ ਬੀਰ ਸਿੰਘ ਨੂੰ ਗਵਰਨਰ ਥਾਪਿਆ ਗਿਆ। ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦੇ ਸੰਚਾਲਕ ਬਣੇ। ਇਹ ਸਾਰੇ ਬਹਾਦਰ ਯੋਧੇ ਦਲਿੱਤ ਜਾਤੀਆਂ ਵਿਚੋਂ ਸਨ। ਮੁਨਸ਼ੀ ਗੁਲਾਮ ਮੁਹੱਈਉਦੀਨ ਮੁਤਾਬਕ ਇਕ ਸੂਹੀਆ ਔਰੰਗਜ਼ੇਬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤਧਾਰੀ ਸਿੱਖਾਂ ਨੂੰ ਦਿੱਤੀ ਸਿੱਖਿਆ ਲਿਖ ਕੇ ਭੇਜਦਾ ਹੈ। ਉਸ ਫ਼ਾਰਸੀ ਲ਼ਿਖਤ ਦਾ ਅਨੁਵਾਦ ਇਉਂ ਹੈ--"ਸਾਰੇ ਅੰਮ੍ਰਿਤਧਾਰੀ ਸਿਖ ਇਕ ਮੱਤ ਧਾਰਨ ਕਰੋ ਅਤੇ ਪੁਰਾਣੇ ਧਰਮਾਂ ਦੇ ਭੇਦਾਂ ਨੂੰ ਖ਼ਤਮ ਕਰੋ। ਹਿੰਦੂਆਂ ਦੀਆਂ ਚਾਰੇ ਜਾਤਾਂ ਵਾਲੇ ਆਪਣੇ ਵਖਰੇ ਵਖਰੇ ਕੰਮ ਕਰਨ ਦੇ ਭਿੰਨ-ਭੇਦ ਛਡੋ। ਪੂਜਾ ਵੀ ਇਕ ਦੀ ਕਰੋ। ਇਕ ਦੂਜੇ ਦੇ ਭਰਾ ਬਣੋ। ਕੋਈ ਵੀ ਆਪਣੇ ਆਪ ਨੂੰ ਦੂਜਿਆਂ ਤੋਂ ਉਚਾ ਨਾ ਸਮਝੇ। ਦੂਜਿਆਂ ਵਾਸਤੇ ਘਿਰਣਾ ਜਾ ਨਿਰਾਦਰੀ ਦਾ ਭਾਵ ਨਹੀਂ ਰੱਖਣਾ।" ਹੋ ਸਕਦਾ ਹੈ, ਗੁਰੂ ਸਾਹਿਬ ਦੇ ਭਾਸ਼ਣ ਦੇ ਇੰਨ ਬਿੰਨ ਇਹ ਸ਼ਬਦ ਨਾ ਹੋਣ, ਪ੍ਰੰਤੂ ਇਸ ਭਾਸ਼ਣ ਦੇ ਤੱਤ ਦੀ ਨੇੜੇ ਦਾ ਸਮਕਾਲੀ ਭਾਈ ਕੁਇਰ ਸਿੰਘ ਆਪਣੀ ਲਿਖਤ ਵਿਚ ਤਸਦੀਕ ਕਰਦਾ ਹੈ। ਲਿਖਿਆ ਹੈ, "ਗੁਰੂ ਜੀ ਨੇ ਕਿਹਾ, ਬੈਸ਼ ਸੂਦਰ ਏ ਜਾਟ ਅਪਾਰਾ। ਤਾਕੇ ਪੰਥ ਮਾਹਿ ਮੈ ਧਾਰਾ।" ਗੁਰੂ ਜੀ ਦਾ ਮਿਸ਼ਨ ਚਾਰੇ ਜਾਤਾਂ ਨੂੰ ਇਕ ਕਰਨਾ ਸੀ। "ਚਾਰ ਵਰਨ ਇਕ ਬਰਨ ਕਰਾਊਂ" ਅਤੇ ਚਤੁਰ ਬਰਨ ਮਹਿ ਕੋਊ ਅੰਮ੍ਰਿਤ ਛਕੇ, ਉਹ ਮੇਰਾ ਸਰੂਪ ਹੈ। ਅੱਜ ਵੀ ਅੰਮ੍ਰਿਤ ਪਾਨ ਕਰਨ ਸਮੇਂ ਅੰਮ੍ਰਿਤ ਧਾਰੀ ਖਾਲਸੇ ਨੂੰ ਸਿਖਿਆ ਦਿੱਤੀ ਜਾਂਦੀ ਹੈ, 'ਸਤਿਗੁਰ ਕੈ ਜਨਮੈ ਗਵਨ ਮਿਟਾਇਆ।'* ਅਜ ਤੋਂ ਹਰੇਕ ਅੰਮ੍ਰਿਤਧਾਰੀ ਸਿੰਘ ਸਿੰਘਣੀ ਦੀ ਪਿਛਲੀ ਕੋਈ ਜਾਤ ਨਹੀਂ ਰਹੀ। ਸਭ ਦਾ ਧਰਮ-ਪਿਤਾ ਗੁਰੂ ਗੋਬਿੰਦ ਤੇ ਮਾਤਾ ਸਾਹਿਬ ਕੌਰ ਜੀ ਹਨ। ਸਭ ਅਨੰਦਪੁਰ ਦੇ ਵਾਸੀ ਹਨ, ਆਦਿ। ਭਾਵ, ਸਰਬੱਤ ਖਾਲਸਾ ਭੈਣ ਭਰਾ ਹਨ, ਸਭ ਦੀ ਜਾਤ ਵਰਨ ਇਕ ਹੈ।"

ਸਿੱਖ ਲਹਿਰ ਕਿਉਂਕਿ ਹਿੰਦੂ ਵਿਚਾਰਧਾਰਾ ਦੇ ਉਲਟ ਸਮਾਜ-ਸੁਧਾਰ-ਲਹਿਰ ਸੀ, ਇਸ ਲਈ ਇਸ ਧਰਮ ਨੂੰ ਮੁਢੋਂ ਹੀ ਖ਼ਤਮ ਕਰਨ ਲਈ ਕੁਟਿਲ ਚਾਲਾਂ ਦਾ ਜਾਲ ਵਿਛਾਇਆ ਜਾਂਦਾ ਰਿਹਾ ਹੈ। ਇਸ ਪ੍ਰਥਾਇ ਪ੍ਰਿੰਸੀਪਲ ਹਰਭਜਨ ਸਿੰਘ ਨੇ ਬਹੁਤ ਸੋਹਣਾ ਲਿਖਿਆ ਹੈ :-

"ਵਰਨ ਆਸ਼ਰਮ (ਜ਼ਾਤ ਪਾਤ) ਤੇ ਕਰਮ ਕਾਂਡ ਦੀ ਅੰਨ੍ਹੀ ਕੋਠੀ ਵਿਚ ਬੈਠਾ ਬ੍ਰਾਹਮਣ ਸਿਖ ਮਰਯਾਦਾ ਨੂੰ ਨਾ ਜਰ ਸਕਿਆ। ਮਨੁਖ ਮਨੁਖ ਵਿਚ ਸਮਾਨਤਾ ਦੀ ਵਾਪਰੀ ਇਸ ਸੱਚੀ ਪ੍ਰੰਤੂ ਤਲਖ਼ ਹਕੀਕਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਅਜਿਹਾ ਵਿਟਰਿਆ ਕਿ ਅਜ ਤਕ ਕਿਸੇ ਨਾ ਕਿਸੇ ਢੰਗ ਨਾਲ, ਕਿਸੇ ਨਾ ਕਿਸੇ ਰੂਪ ਵਿਚ ਇਸ ਨਿਰਮਲ ਪੰਥ ਦੀ ਵਿਰੋਧਤਾ ਕਰੀ ਹੀ ਜਾ ਰਿਹਾ ਹੈ।" ਬ੍ਰਾਹਮਣਵਾਦ ਦੇ ਸਿਖ ਕੌਮ ਤੇ ਪੈ ਚੁਕੇ ਪਰਛਾਵੇਂ ਨੂੰ ਖ਼ਤਮ ਕਰਨ ਲਈ ਭਾਈ ਕਾਨ੍ਹ ਸਿੰਘ ਜੀ ਨੇ "ਹਮ ਹਿੰਦੂ ਨਹੀਂ" ਪੁਸਤਕ ਲਿਖੀ ਅਤੇ ਸਿਖ ਸੁਧਾਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਸਿੰਘ-ਸਭਾ ਲਹਿਰਾਂ ਚਲੀਆਂ।

* ਰਾਮਕਲੀ ਮ: ੧ ਸਿਧ ਗੋਸਟਿ, ਅੰਕ ੨੦, ਪੰਨਾ ੯੪੦

ਪ੍ਰਦੇਸ਼ੀ ਬੁਧੀਜੀਵਿਆਂ ਨੇ ਵੀ ਇਹਦੀ ਪ੍ਰੋੜ੍ਹਤਾ ਕੀਤੀ। ਮਿਸਟਰ ਡੀ. ਪੇਟਪੀ ਜੋ ਅੰਗਰੇਜ਼ੀ ਰਾਜ ਸਮੇਂ ਖੁਫ਼ੀਆ ਭਾਗ ਦਾ ਮੁਖੀਆ ਸੀ, ਆਪਣੀ ਰਿਪੋਰਟ ਮਿਤੀ ੧੧ ਅਗਸਤ, ੧੯੦੧ (ਨੈਸ਼ਨਲ ਆਰਕਾਇਵਜ਼) ਨਵੀਂ ਦਿੱਲੀ, ਵਿਚ ਲਿਖਦਾ ਹੈ—

"ਹਿੰਦੂ ਮਤ ਦੇ ਅਨੁਆਈ ਹਮੇਸ਼ਾ ਤੋਂ ਹੀ ਸਿੱਖ ਮੱਤ ਨੂੰ ਕੈਰੀਆਂ ਅੱਖਾਂ ਨਾਲ ਦੇਖਦੇ ਆਏ ਹਨ, ਕਿਉਂਕਿ ਇਸਦੇ ਗੁਰੂ ਸਾਹਿਬਾਨ ਨੇ ਪੂਰਨ ਸਫਲਤਾ ਸਹਿਤ ਬ੍ਰਾਹਮਣਵਾਦ ਤੇ ਅਧਾਰਿਤ ਛੂਤ ਛਾਤ ਦਾ ਭਰਪੂਰ ਵਿਰੋਧ ਕੀਤਾ ਸੀ। ਇਸ ਕਾਰਨ ਹਿੰਦੂਆਂ ਦੀ ਹਮੇਸ਼ਾ ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਸਿੱਖ ਸਰਦਾਰਾਂ ਦੇ ਬੱਚਿਆਂ ਨੂੰ ਖੰਡੇ ਦੀ ਪਾਹੁਲ ਪਾਨ ਕਰਨ ਤੋਂ ਰੋਕਿਆ ਜਾਵੇ ਅਤੇ ਵਧ ਤੋਂ ਵਧ ਸਿੱਖਾਂ ਨੂੰ ਆਪਣੇ ਮਜ਼ਹਬੀ ਅਕੀਦਿਆਂ ਤੋਂ ਤੋੜਿਆ ਜਾਵੇ। ਹਿੰਦੂ ਮੱਤ ਸ਼ਕਤੀਸ਼ਾਲੀ ਬੁੱਧ ਮੱਤ ਨੂੰ ਤਾਂ ਪਹਿਲਾਂ ਹੀ ਨਿੱਗਲ ਚੁੱਕਾ ਹੈ ਅਤੇ ਹੁਣ ਇਸ ਨੇ ਸਿਖ ਮੱਤ ਦੀਆਂ ਸਫ਼ਾਂ ਵਿਚ ਵੀ ਕਈ ਥਾਈਂ ਦਰਾੜਾਂ ਪਾ ਦਿੱਤੀਆਂ ਹਨ।"

ਇਸੇ ਤੌਖਲੇ-ਵੱਸ "ਆਤਮ ਸਾਇੰਸ ਟ੍ਰਸਟ" ਵਲੋਂ ਡਿਕਸ਼ਈ ਵਿਖੇ ੨੧ ਤੇ ੨੨ ਸਤੰਬਰ ੧੯੬੮ ਨੂੰ ਸਿਖ ਨਿਸਚਿਆਂ ਦੇ ਅਖ਼ਬਾਰਾਂ ਤੇ ਰਸਾਲਿਆਂ ਦੇ ਸੰਪਾਦਕਾਂ ਦਾ ਇਕ ਸੰਮੇਲਨ ਬੁਲਾਇਆ ਗਿਆ, ਜਿਸ ਵਿਖੇ ਪਰਵਾਨ ਹੋਏ ਮਤੇ ਦੀ ਨਕਲ ਇਉਂ ਹੈ—

(ੳ) ਇਹ ਸੰਮੇਲਨ ਅਨੁਭਵ ਕਰਦਾ ਹੈ ਕਿ ਸਿਖ ਧਰਮ ਤੇ ਸਿਖ ਸਮਾਜ ਦੀ ਬੁਨਿਆਦ ਜਾਤ ਪਾਤ ਤੇ ਛੂਤ ਛਾਤ ਤੋਂ ਨਾ ਸਿਰਫ ਉਚੀ ਹੀ ਹੈ, ਬਲਕਿ ਇਹਨਾਂ ਬਿਮਾਰੀਆਂ ਨੂੰ ਖ਼ਤਮ ਕਰਨ ਲਈ ਰੱਖੀ ਗਈ ਸੀ। ਅੱਜ ਦਾ ਸਿਖ ਸਮਾਜ ਇਸ ਅਸੂਲ ਨੂੰ ਭੁੱਲ ਕੇ ਫਿਰ ਉਹਨਾਂ ਹੀ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਇਹ ਸੰਮੇਲਨ ਸਮੂਹ ਸਿਖ ਸੰਸਥਾਵਾਂ, ਪੰਥਕ ਵਿਅਕਤੀਆਂ, ਸਿਖ ਪ੍ਰਚਾਰਕਾਂ ਤੇ ਪਤਰਕਾਰਾਂ ਦਾ ਧਿਆਨ ਪੰਥ ਨੂੰ ਘੁਣ ਵਾਂਗ ਖਾ ਰਹੇ ਇਸ ਰੋਗ ਵਲ ਦਿਵਾ ਕੇ ਸੁਝਾਉ ਦਿੰਦਾ ਹੈ ਕਿ ਕਿਸੇ ਵੀ ਕਾਰਜ ਸਮੇਂ ਜਾਤ ਪਾਤ ਤੇ ਛੂਤ ਛਾਤ ਦਾ ਵਿਤਕਰਾ ਨਾ ਰਖਿਆ ਜਾਇਆ ਕਰੇ। ਅਤੇ ਜਿਥੋਂ ਤਕ ਹੋ ਸਕੇ, ਕਿਸੇ ਵਿਅਕਤੀ ਦੇ ਨਾਮ ਨਾਲ ਉਸਦੀ ਜ਼ਾਤ ਗੋਤ ਦੀ ਵਰਤੋਂ ਨਾ ਕੀਤੀ ਜਾਵੇ।" ੧੩ ਜੂਨ ੧੯੩੬ ਨੂੰ ਵਰਨ-ਵੰਡ ਦੇ ਕੋੜ੍ਹ ਨੂੰ ਖ਼ਤਮ ਕਰਨ ਲਈ ਸਿੱਖਾਂ ਦੇ ਸਰਬੋਤਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੇਠ ਲਿਖਿਆ ਹੁਕਮਨਾਮਾ ਜਾਰੀ ਹੋਇਆ।

ੴ ਵਾਹਿਗੁਰੂ ਜੀ ਕੀ ਫਤਹ ॥

ਸਤਿ ਸ੍ਰੀ ਅਕਾਲ          ਸ੍ਰੀ ਅਕਾਲ ਸਹਾਇ          ਸਤਿ ਸ੍ਰੀ ਅਕਾਲ

## ਹੁਕਮਨਾਮਾ

ਸਰਬਤ ਖਾਲਸਾ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਪ੍ਰਤੀ ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮ ਹੈ ਜੋ ਅੰਮ੍ਰਿਤਧਾਰੀ ਪ੍ਰਾਣੀ ਮਾਤ੍ਰ ਨਾਲ ਸੰਗਤ ਪੰਗਤ ਵਿਚ ਇਕੋ ਜਿਹਾ ਵਿਹਾਰ ਕਰਨਾ ਹੈ, ਪਿਛਲੀ ਜਾਤ ਨਹੀਂ ਪੁਛਣੀ, ਭਰਮ ਨਹੀਂ ਕਰਨਾ। ਇਹੋ ਹੀ ਗੁਰੂ ਦੀ ਆਗਿਆ ਹੈ। ਜੋ ਸਿਰ ਨਿਵਾਏਗਾ, ਗੁਰੂ ਜੀ ਉਸ ਦੀ ਬਹੁੜੀ ਕਰਨਗੇ।

ਮੋਹਰ—ਦੇਗ ਤੇਗ ਫਤਹ ਨੁਸਰਤ ਬੇਦਰੰਗ          ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ
(ਸ੍ਰੀ ਅਕਾਲ ਸਹਾਇ)          ਮਿਤੀ ੩੨ ਜੇਠ, ਸੰਮਤ ੪੬੭ (ਨਾਨਕ ਸ਼ਾਹੀ)
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ          ੧੩ ਜੂਨ ਸੰਨ ੧੯੩੬

ਹੁਕਮਨਾਮਾ ਜਾਰੀ ਹੋਣ ਦੇ ਬਾਵਜੂਦ ਵੀ ਜਾਤ-ਬਰਾਦਰੀ ਸਿੱਖਾਂ ਵਿਚ ਚਲਦੀ ਆ ਰਹੀ ਹੈ। ਸਿਖ-ਜਗਤ ਨੂੰ ਸਨਿਮਰ ਬਿਨੈ ਹੈ ਕਿ ਗੁਰੂ-ਹੁਕਮਾਂ ਨੂੰ ਮੰਨਦੇ ਹੋਏ ਆਪਣਾ ਨਿਜੀ ਜੀਵਨ ਗੁਰ-ਮਰਯਾਦਾ ਅਨੁਸਾਰ ਢਾਲੀਏ।


www.AKJ.Org

# ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਵਿਚ

[ਪ੍ਰੋਫੈਸਰ ਸਾਹਿਬ ਜੀ ਡੀ. ਲਿਟ.]

**ਲੋੜਵੰਦਿਆਂ ਦੀ ਸਹਾਇਤਾ–**

ਗੁਰੂ ਹਰਿ ਰਾਇ ਸਾਹਿਬ ਦਾ ਹਿਰਦਾ ਅੱਤ ਦਰਜੇ ਦਾ ਕੋਮਲ ਸੀ। ਸਿਖ-ਇਤਿਹਾਸ ਵਿਚ ਇਕ ਥਾਂ ਜ਼ਿਕਰ ਆਉਂਦਾ ਹੈ ਕਿ ਛੋਟੀ ਉਮਰੇ ਇਕ ਦਿਨ ਆਪ ਕਲੀਆਂ ਵਾਲਾ ਕੁੜਤਾ ਪਾ ਕੇ ਬਗੀਚੇ ਵਿਚ ਟਹਿਲ ਰਹੇ ਸਨ, ਕੁੜਤੇ ਦੇ ਛੁਹਣ ਨਾਲ ਕੁਝ ਫੁੱਲ ਟਾਹਣੀਆਂ ਨਾਲੋਂ ਕਿਰ ਗਏ। ਉਸ ਦਿਨ ਤੋਂ ਸਦਾ ਆਪਣੇ ਪਹਿਨੇ ਕਪੜਿਆਂ ਨੂੰ ਧਿਆਨ ਨਾਲ ਸਾਂਭ-ਸਿਕਰ ਕੇ ਹੀ ਬਗੀਚੇ ਵਿਚ ਫਿਰਿਆ ਕਰਦੇ ਸਨ, ਤਾਂ ਕਿ ਕੋਈ ਕਲੀ ਡਿਗ ਨਾ ਪਏ।

ਜਿਸ ਹਿਰਦੇ ਵਿਚ ਫੁੱਲਾਂ ਵਾਸਤੇ ਇਤਨੀ ਕੋਮਲਤਾ ਸੀ, ਉਹ ਹਿਰਦਾ ਸੰਸਾਰ-ਬਗੀਚੇ ਦੇ ਜੀਵਾਂ ਵਾਸਤੇ ਤਾਂ ਪਿਆਰ ਨਾਲ ਨੱਕਾ ਨੱਕ ਭਰਪੂਰ ਸੀ। ਆਪ ਕਈ ਅਮੋਲਕ ਦੁਰਲਭ ਦਵਾਈਆਂ ਸਦਾ ਆਪਣੇ ਪਾਸ ਰਖਣ ਦਾ ਪਰਬੰਧ ਕਰੀ ਰਖਦੇ ਸਨ, ਜਿਨ੍ਹਾਂ ਨਾਲ ਕਈ ਰੋਗੀਆਂ ਦੇ ਅਸਾਧ ਰੋਗ ਦੂਰ ਹੋ ਜਾਂਦੇ ਸਨ। ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਭੀ ਜਦੋਂ ਖਾਣੇ ਵਿਚ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿਤਾ ਗਿਆ ਸੀ, ਤਾਂ ਉਸ ਦੇ ਅਜੀਰਣ ਰੋਗ ਲਈ ਦਵਾਈ ਗੁਰੂ ਹਰਿ ਰਾਇ ਸਾਹਿਬ ਪਾਸੋਂ ਹੀ ਮਿਲੀ ਸੀ। ਦਾਰਾ ਸ਼ਿਕੋਹ ਕੁਝ ਪਹਿਲਾਂ ਹੀ ਮਹਾਤਮਾ ਲੋਕਾਂ ਦੀ ਸੰਗਤ ਕਰਨ ਦੇ ਸੁਭਾਵ ਵਾਲਾ ਸੀ, ਸਰੀਰਕ ਰੋਗ ਦੂਰ ਹੋਣ ਤੇ ਉਹ ਸਤਿਗੁਰੂ ਜੀ ਦਾ ਹੋਰ ਭੀ ਸ਼ਰਧਾਲੂ ਹੋ ਗਿਆ।

**ਗਰੀਬਾਂ ਨਾਲ ਨੇੜ ਦੀ ਸਾਂਝ–**

ਇਕ ਵਾਰੀ ਮਾਲਵੇ ਦੀ ਇਕ ਗਰੀਬ ਮਾਈ ਆਪਣੇ ਇਲਾਕੇ ਦੀ ਸੰਗਤ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ। ਮਾਈ ਗੁਰੂ ਹਰਿ ਰਾਇ ਸਾਹਿਬ ਵਾਸਤੇ ਖੱਦਰ ਦੀ ਇਕ ਚਾਦਰ ਲਿਆਈ, ਅਤੇ ਉਹਨਾਂ ਨੂੰ ਛਕਾਣ ਵਾਸਤੇ ਘਰੋਂ ਰੋਟੀਆਂ ਵੀ ਪਕਾ ਲਿਆਈ। ਪਰ ਗੁਰੂ ਕੇ ਦਰਬਾਰ ਦੀ ਮਹਿਮਾ ਵੇਖ ਕੇ ਮਾਈ ਆਪਣੀਆਂ ਗਰੀਬੀ ਦਾਅਵੇ ਦੀਆਂ ਉਹ ਭੇਟਾ ਪੇਸ਼ ਕਰਨ ਤੋਂ ਝੱਕ ਗਈ। ਸਗੋਂ ਦੀਵਾਨ ਤੋਂ ਦੁਰੇਡੀ ਹੀ ਖਲੋਤੀ ਰਹੀ, ਅਤੇ ਦਿਲ ਵਿਚ ਅਰਾਧਨਾ ਕਰਦੀ ਰਹੀ ਕਿ ਮੇਰੀ ਗਰੀਬਣੀ ਦੀ ਰੋਟੀ ਤੇ ਚਾਦਰ ਕਬੂਲ ਕਰੋ। ਗੁਰੂ ਹਰਿ ਰਾਇ ਸਾਹਿਬ ਲੌਢੇ ਪਹਿਰ ਦੀ ਸੈਰ ਵੇਲੇ ਉਚੇਚੇ ਉਸ ਪਾਸੇ ਵਲ ਚਲ ਪਏ, ਤੇ ਮਾਈ ਕੋਲ ਪਹੁੰਚ ਕੇ ਆਪ ਹੀ ਦੋਵੇਂ ਚੀਜ਼ਾਂ ਮੰਗ ਲਈਓ ਨੇ।

**ਗੁਰਬਾਣੀ ਵਾਸਤੇ ਸਤਿਕਾਰ ਤੇ ਸ਼ਰਧਾ–**

ਜੇ ਵਿਦਿਆਰਥੀ ਦੇ ਦਿਲ ਵਿਚ ਆਪਣੇ ਉਸਤਾਦ ਲਈ ਸਤਿਕਾਰ ਤੇ ਸ਼ਰਧਾ ਨਾ ਹੋਵੇ ਤਾਂ ਉਸਤਾਦ ਦੀ ਦਿਤੀ ਤਾਲੀਮ ਉਤੇ ਉਸ ਦਾ ਯਕੀਨ ਨਹੀਂ ਬੱਝ ਸਕਦਾ। ਜੇ ਸਿਖ ਦੇ ਹਿਰਦੇ ਵਿਚ ਗੁਰੂ ਵਾਸਤੇ ਪ੍ਰੀਤ ਤੇ ਪ੍ਰਤੀਤ ਨਹੀਂ ਹੈ ਤਾਂ ਉਹ ਗੁਰੂ ਦੇ ਦਸੇ ਰਾਹ ਉਤੇ ਨਹੀਂ ਤੁਰ ਸਕਦਾ। ਗੁਰੂ ਤੇ ਸਿਖ ਦਾ ਸੰਬੰਧ 'ਬਾਣੀ ਦੀ ਰਾਹੀਂ ਹੀ ਪੈਂਦਾ ਹੈ। ਇਸੇ ਵਾਸਤੇ ਗੁਰਮਤਿ ਅਨੁਸਾਰ ਗੁਰੂ ਤੇ ਗੁਰੂ ਦੀ ਬਾਣੀ ਇਕ-ਰੂਪ ਹਨ। ਬਾਣੀ ਦਾ ਆਦਰ ਗੁਰੂ ਦਾ ਆਦਰ ਹੈ। ਹਰੇਕ ਗੁਰ-ਵਿਅਕਤੀ ਨੇ ਆਪੋ ਆਪਣੇ ਸਮੇਂ ਸਿੱਖਾਂ ਦਾ ਧਿਆਨ ਇਸ ਪਾਸੇ ਵਲ ਖ਼ਾਸ ਤੌਰ 'ਤੇ ਦਿਵਾਇਆ ਹੈ। ਗੁਰੂ ਹਰਿ ਰਾਇ ਸਾਹਿਬ ਨੇ ਭੀ ਇਹ ਆਦਰਸ਼ ਸਦਾ ਸਾਹਮਣੇ ਰਖਿਆ।

ਇਕ ਦਿਨ ਲੌਢੇ ਪਹਿਰ ਮੰਜੇ ਉਤੇ ਸਤਿਗੁਰੂ ਜੀ ਲੇਟੇ ਹੋਏ ਸਨ, ਇਕ ਸਿਖ ਜਥਾ ਦਰਸਨ ਲਈ ਆਇਆ। ਉਹ ਸਾਰੇ ਰਲ ਕੇ ਸ਼ਬਦ ਕੀਰਤਨ ਕਰਦੇ ਆਉਂਦੇ ਸਨ। ਜਿਸ ਵੇਲੇ ਸਤਿਗੁਰੂ ਜੀ ਦੇ ਕੰਨੀਂ ਸ਼ਬਦ ਦੀ 'ਵਾਜ਼ ਪਈ, ਉਹ ਉਸੇ ਵੇਲੇ ਬੜੀ ਕਾਹਲੀ ਨਾਲ ਮੰਜੇ ਤੋਂ ਥਲੇ ਉਤਰ ਆਏ, ਜਿਸ ਕਰਕੇ ਗੋਡੇ ਨੂੰ ਸੱਟ ਭੀ ਲਗ ਗਈ। ਤੇ, ਅਗਾਂਹ ਨੂੰ ਉਹਨਾਂ ਨੇ ਦਿਨ ਵੇਲੇ ਮੰਜੇ ਉਤੇ ਲੇਟਣ ਬੰਦਾ ਕਰ ਦਿਤਾ। ਕਿਉਂਕਿ ਇਸ ਤਰ੍ਹਾਂ ਸ਼ਬਦ ਦੀ ਨਿਰਾਦਰੀ ਹੁੰਦੀ ਸੀ।


www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੪)

ਗੁਰਸਿਖ ਏਕ ਮੇਕ ਰੋਮ ਮਹਿਮਾ ਅਨੰਤ,
ਅਗਮ ਅਪਾਰ ਗੁਰੁ ਮਹਿਮਾ ਨਿਧਾਨ ਹੈ ॥
ਗੁਰਸਿਖ ਏਕ ਮੇਕ ਬੋਲ ਕੋ ਨ ਤੋਲ ਮੋਲ,
ਸ੍ਰੀ ਗੁਰ ਸਬਦ ਅਗਮਿਤ ਗਿਆਨ ਧਿਆਨ ਹੈ ॥
ਗੁਰਸਿਖ ਏਕ ਮੇਕ ਦ੍ਰਿਸਟਿ ਦ੍ਰਿਸਟਿ ਤਾਰੈ,
ਸ੍ਰੀ ਗੁਰ ਕਟਾਛ ਕ੍ਰਿਪਾ ਕੋ ਨ ਪਰਮਾਨ ਹੈ ॥
ਗੁਰਸਿਖ ਏਕ ਮੇਕ ਪਲ ਸੰਗ ਰੰਗ ਰਸ,
ਅਬਿਗਤਿ ਗਤਿ ਸਤਿਗੁਰੁ ਨਿਰਬਾਨ ਹੈ ॥੭੩॥

**ਪਦ ਅਰਥ :** ਏਕ ਮੇਕ–ਇਕ ਮਿਕ, ਇਕ ਰੂਪ। ਅਨੰਤ–ਬੇਅੰਤ। ਅਗਮ–ਪਹੁੰਚ ਤੋਂ ਪਰੇ। ਅਪਾਰ–ਬੇਅੰਤ। ਨਿਧਾਨ–ਖ਼ਜ਼ਾਨਾ, ਭੰਡਾਰ। ਅਗਮਿਤ–ਪਹੁੰਚ ਤੋਂ ਪਰੇ। ਦ੍ਰਿਸਟਿ–ਦ੍ਰਿਸ਼ਟੀ। ਕਟਾਛ–ਕਿਰਪਾ ਦ੍ਰਿਸ਼ਟੀ। ਪਰਮਾਨ–ਅੰਦਾਜ਼ਾ। ਅਬਿਗਤਿ–ਅਬਿਨਾਸ਼ੀ ਵਾਹਿਗੁਰੂ। ਗਤਿ–ਵਾਂਗ। ਨਿਰਬਾਨ–ਤਿਆਗ, ਛੁਟਕਾਰਾ।

**ਅਰਥ :** (ਸਤਿਗੁਰੂ ਦੀ ਸੇਵਾ ਵਿਚ ਨਿਮਗਨ, ਨਾਮ-ਸਿਮਰਨ ਦੀ ਅਤੁਟ ਕਮਾਈ ਸਦਕਾ) ਸਤਿਗੁਰੂ ਨਾਲ ਇਕ-ਰੂਪ ਹੋਇ ਗੁਰਸਿਖ ਦੇ ਇਕ ਰੋਮ ਦੀ ਮਹਿਮਾ ਬੇਅੰਤ ਹੈ, ਤਾਂ ਫਿਰ ਅਪਹੁੰਚ ਤੇ ਬੇਅੰਤ ਵਡਾਈ ਵਾਲਾ ਸਤਿਗੁਰੂ ਤਾਂ ਮਹਿਮਾ ਦਾ ਭੰਡਾਰ ਹੈ।

(ਸਤਿਗੁਰੂ ਦੇ ਹੁਕਮਾਂ ਦੀ ਕਮਾਈ ਕਰਨ ਵਾਲੇ) ਸਤਿਗੁਰੂ ਨਾਲ ਇਕ-ਮਿਕ ਹੋਇ ਗੁਰਸਿਖ ਦੇ ਬਚਨ ਦਾ ਕੋਈ ਤੋਲ ਮੋਲ ਨਹੀਂ ਹੋ ਸਕਦਾ, ਤਾਂ ਫਿਰ ਸਤਿਗੁਰੂ ਦੀ ਬਾਣੀ ਦਾ ਗਿਆਨ ਧਿਆਨ ਤਾਂ ਪਹੁੰਚ ਤੋਂ ਪਰੇ ਹੈ।

(ਸਤਿਗੁਰੂ ਦੀ ਸੇਵ ਕਮਾਂਦੇ ਤੇ ਨਾਮ-ਰੰਗ ਮਾਣਦੇ)ਸਤਿਗੁਰੂ ਦੀ ਦ੍ਰਿਸ਼ਟੀ ਸਦਕਾ ਸਤਿਗੁਰੂ ਨਾਲ ਇਕ-ਮਿਕ ਹੋਇ ਗੁਰਸਿਖ ਦੀ ਦ੍ਰਿਸ਼ਟੀ ਜਿਸ ਪ੍ਰਾਣੀ ਤੇ ਪੈਂਦੀ ਹੈ ਉਸ ਨੂੰ ਸੰਸਾਰ-ਸਾਗਰ ਤੋਂ ਤਾਰ ਦਿੰਦੀ ਹੈ, ਤਾ ਫਿਰ ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਦਾ ਕੋਈ ਅੰਦਾਜ਼ਾ ਹੀ ਨਹੀਂ ਹੋ ਸਕਦਾ।

(ਨਾਮ-ਕਮਾਈ ਸਦਕਾ) ਸਤਿਗੁਰੂ ਨਾਲ ਇਕ-ਰੂਪ ਹੋਇ ਗੁਰਸਿਖ ਦੀ ਇਕ ਪਲ ਦੀ ਸੰਗਤ ਖੁਸ਼ੀ-ਖੇੜਾ ਤੇ ਅੰਮ੍ਰਿਤ-ਰਸ (ਦਾਨ ਕਰਦੀ ਹੈ), ਸਤਿਗੁਰੂ ਤਾਂ ਅਬਿਨਾਸ਼ੀ ਵਾਹਿਗੁਰੂ ਵਾਂਗ (ਪਰਮ-ਅਨੰਦ ਰੂਪ) ਹੈ, ਉਸ ਦਾ ਅਨੰਦ ਮੰਗਲ ਤੇ ਅੰਮ੍ਰਿਤ-ਰਸ ਤਾਂ ਕਹਿਣ ਕਥਨ ਤੋਂ ਪਰੇ ਹੈ।੭੩।

ਬਰਨ ਬਰਨ ਬਹੁ ਬਰਨ ਘਟਾ ਘਮੰਡ,
ਬਸੁਧਾ ਬਿਰਾਜਮਾਨ ਬਰਖਾ ਅਨੰਦ ਕੈ ॥
ਬਰਨ ਬਰਨ ਹੁਇ ਪ੍ਰਫੁਲਤ ਬਨਾਸਪਤੀ,
ਬਰਨ ਬਰਨ ਫਲ ਫੂਲ ਮੂਲ ਕੰਦ ਕੈ ॥
ਬਰਨ ਬਰਨ ਖਗ ਬਿਬਿਧ ਭਾਖਾ ਪ੍ਰਗਾਸ,
ਕੁਸਮ ਸੁਗੰਧਿ ਪਉਨ ਗਉਨ ਸੀਤ ਮੰਦ ਕੈ ॥
ਰਵਨ ਗਵਨ ਜਲ ਥਲ ਤ੍ਰਿਨ ਸੋਭਾ ਨਿਧਿ,
ਸਫਲ ਹੁਇ ਚਰਨ ਕਮਲ ਮਕਰੰਦ ਕੈ ॥੭੪॥

**ਪਦ ਅਰਥ :**–ਬਰਨ ਬਰਨ–ਰੰਗਾ ਰੰਗ ਦੇ। ਘਟਾ ਘਮੰਡ–ਬਦਲਾਂ ਦੀਆਂ ਘਟਾਂ ਦਾ ਇਕੱਠ। ਬਸੁਧਾ–ਧਰਤੀ। ਬਿਰਾਜਮਾਨ–ਸੁਸ਼ੋਭਤ। ਕੈ–ਕਰ ਕੇ, ਕਾਰਨ। ਪ੍ਰਫੁਲਤ–ਵਿਗਸਦੀ, ਖਿੜਦੀ। ਕੰਦ ਮੂਲ–ਧਰਤੀ ਅੰਦਰ ਉਗਦਣ ਵਾਲੇ ਪਦਾਰਥ ਗਾਜਰ ਮੂਲੀ ਆਦਿ। ਖਗ–ਪੰਛੀ। ਬਿਬਿਧ ਭਾਖਾ–ਕਈ ਤਰ੍ਹਾਂ ਦੀਆਂ ਬੋਲੀਆਂ।


www.AKJ.Org

ਪ੍ਰਗਾਸ–ਪ੍ਰਗਟਾਉਣਾ। ਕੁਸਮ–ਫੁਲ। ਪਉਨ ਗਉਨ–ਹਵਾ ਦਾ ਚਲਣਾ। ਸੀਤ ਮੰਦ–ਸੀਤਲ ਤੇ ਮਿੱਠੀ। ਰਵਨ–(ਪੰਛੀਆਂ ਦਾ) ਬੋਲਣਾ। ਗਵਨ–(ਹਵਾ ਦਾ) ਚਲਣਾ। ਤ੍ਰਿਨ–ਬਨਾਸਪਤੀ। ਨਿਧਿ–ਭੰਡਾਰ। ਮਕਰੰਦ–ਧੂੜੀ, ਫੁਲਾਂ ਅੰਦਰ ਵਸਦੀ ਸੁਗੰਧੀ ਦਾ ਰਸ।

**ਅਰਥ :** ਰੰਗ-ਰੰਗਾਂ ਦੇ ਬਦਲਾਂ ਦੀਆਂ ਘਟਾਂ ਦਾ ਇਕੱਠ ਹੋਣ ਤੇ, ਬਰਖਾ ਦੇ ਅਨੰਦ ਕਾਰਨ ਧਰਤੀ ਸੁਭਾਇਮਾਨ ਹੁੰਦੀ ਹੈ।

(ਉਸ ਤੋਂ ਉਪਜੇ) ਰੰਗਾ-ਰੰਗ ਦੇ ਫੱਲਾਂ ਫੁੱਲਾਂ ਅਤੇ ਕੰਦ ਮੂਲ ਦੇ ਕਾਰਨ ਭਾਂਤ ਭਾਂਤ ਦੀ ਬਨਾਸਪਤੀ ਖਿੜਦੀ ਹੈ।

(ਫਿਰ) ਫੁੱਲਾਂ ਦੀ ਸੁਗੰਧੀ ਅਤੇ ਸੀਤਲ ਮਿੱਠੀ ਹਵਾ ਦੇ ਚਲਣ ਸਦਕਾ ਰੰਗ-ਰੰਗਾਂ ਦੇ ਪੰਛੀ (ਆ ਕੇ) ਕਈ ਤਰ੍ਹਾਂ ਦੀਆਂ ਬੋਲੀਆਂ ਦਾ ਪ੍ਰਗਟਾਵਾ ਕਰਦੇ ਹਨ।

(ਇਹ ਸਭ ਕੁਝ) (ਪੰਛੀਆਂ ਦਾ) ਬੋਲਣਾ, (ਸੀਤਲ ਮਿੱਠੀ ਪਉਣ ਦਾ) ਚਲਣਾ ਅਤੇ ਜਲ ਥਲ ਵਿਖੇ ਸੋਭਾ ਦੇ ਭੰਡਾਰ ਬਨਾਸਪਤੀ ਆਦਿ ਦੇ ਰੰਗ ਮਾਣਨੇ, ਸਤਿਗੁਰੂ ਦੇ ਚਰਨ-ਕਮਲਾਂ ਦੀ ਧੂੜੀ ਸਦਕਾ ਹੀ, (ਸਤਿਗੁਰੂ ਦੇ ਦ੍ਰਿੜ੍ਹਾਏ ਸ਼ਬਦ ਦੀ ਕਮਾਈ ਕੀਤਿਆਂ ਹੀ) ਸਫਲੇ ਹੁੰਦੇ ਹਨ।੭੪।

ਚੀਟੀ ਕੇ ਉਦਰ ਬਿਖੇ ਹਸਤੀ ਸਮਾਇ ਕੈਸੇ,
ਅਤੁਲ ਪਹਾਰ ਭਾਰ ਭ੍ਰਿੰਗੀ ਨ ਉਠਾਵਈ॥
ਮਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ,
ਮਕਰੀ ਨ ਚੀਤੈ ਜੀਤੈ ਸਰ ਨ ਪੁਜਾਵਈ॥
ਤਮਚਰ ਉਡਤ ਨ ਪਹੁੰਚੈ ਅਕਾਸ-ਬਾਸ,
ਮੂਸਾ ਤਉ ਨ ਪੈਰਤ ਸਮੁੰਦ੍ਰ ਪਾਰ ਪਾਵਈ॥
ਤੈਸੇ ਪ੍ਰਿਯ-ਪ੍ਰੇਮ-ਨੇਮ ਅਗਮ-ਅਗਾਧ ਬੋਧ,
ਗੁਰਮੁਖਿ ਸਾਗਰ ਜਿਉ ਬੂੰਦ ਹੁਇ ਸਮਾਵਈ॥੭੫॥

**ਪਦ ਅਰਥ :** ਚੀਟੀ–ਕੀੜੀ। ਉਦਰ–ਪੇਟ। ਹਸਤੀ–ਹਾਥੀ। ਭ੍ਰਿੰਗੀ–ਇਕ ਤਰ੍ਹਾਂ ਦੀ ਤਿਤਲੀ, ਜੋ ਕਈ ਰੰਗਾਂ ਦੇ ਕੀੜਿਆਂ ਨੂੰ ਆਪਣੇ ਜਿਹਾ ਕਰ ਲੈਂਦੀ ਹੈ। ਬਾਸਕ ਨਾਗ–ਸੱਪਾਂ ਦਾ ਰਾਜਾ, ਸ਼ੇਸ਼ ਨਾਗ। ਮਕਰੀ–ਮਕੜੀ। ਸਰ–ਬਰਾਬਰ। ਤਮਚਰ–ਹਨੇਰੇ ਵਿਚ ਉਡਣ ਵਾਲਾ ਪੰਛੀ ਉੱਲੂ। ਮੂਸਾ–ਚੂਹਾ। ਪੈਰਤ–ਪੈ ਕੇ, ਤਰ ਕੇ। ਪਾਰ–ਪਾਰਲਾ ਕੰਢਾ। ਅਗਮ ਅਗਾਧ ਬੋਧ–ਸਮਝ ਸੋਝੀ ਤੋਂ ਪਰੇ। ਸਾਗਰ–ਸਮੁੰਦਰ।

**ਅਰਥ :** (ਜਿਵੇਂ) ਕੀੜੀ ਦੇ ਪੇਟ ਵਿਚ ਹਾਥੀ ਕਿਵੇਂ ਮਿਟ ਸਕਦਾ ਹੈ? ਅਤੇ ਭ੍ਰਿੰਗੀ (ਛੋਟਾ ਜਿਹਾ ਕੀੜਾ) ਪਹਾੜ ਦਾ ਬੇਅੰਤ ਭਾਰ ਨਹੀਂ ਉਠਾ ਸਕਦਾ।

(ਜਿਵੇਂ) ਮੱਛਰ ਦੇ ਡੰਗ ਨਾਲ ਸਰਪ-ਰਾਜ ਨਹੀਂ ਮਰ ਸਕਦਾ ਅਤੇ ਮਕੜੀ ਚੀਤੇ ਨੂੰ ਜਿੱਤ ਨਹੀਂ ਸਕਦੀ ਤੇ ਨਾ ਹੀ ਉਸ ਦੀ ਬਰਾਬਰੀ ਕਰ ਸਕਦੀ ਹੈ।

(ਜਿਵੇਂ) ਹਨੇਰੇ ਵਿਚ ਉਡਣ ਵਾਲਾ ਪੰਛੀ ਉੱਲੂ ਉਡ ਕੇ ਅਕਾਸ਼ ਤੇ ਨਹੀਂ ਪੁਜ ਸਕਦਾ ਅਤੇ ਚੂਹਾ ਤਾਂ ਸਮੁੰਦਰ ਵਿਚ ਪੈ ਕੇ (ਤਰ ਕੇ) ਉਸ ਦੇ ਪਾਰਲੇ ਕੰਢੇ ਦਾ ਪਾਰ ਨਹੀਂ ਪਾ ਸਕਦਾ।

ਇਸੇ ਤਰ੍ਹਾਂ ਹੀ ਪਿਆਰੇ ਪ੍ਰੀਤਮ ਦੀ ਪ੍ਰੇਮ ਦੀ ਮਰਯਾਦਾ ਵੀ ਸਾਡੀ ਸਮਝ ਸੋਝੀ ਤੇ ਪਰੇ ਅਤੇ ਅਤਿ ਗੰਭੀਰ ਹੈ। ਜਿਵੇਂ ਸਮੁੰਦਰ ਵਿਚ ਜਲ ਦੀ ਬੂੰਦ ਸਮਾ ਜਾਂਦੀ ਹੈ, ਤਿਵੇਂ ਹੀ ਗੁਰੂ ਦਾ ਅਨਿੰਨ ਸੇਵਕ-ਸਿਖ, ਜਲ ਦੀ ਬੂੰਦ ਹੋ ਕੇ, ਆਪਣੇ ਪਿਆਰੇ ਪ੍ਰੀਤਮ ਵਿਚ ਲੀਨ ਹੋ ਜਾਂਦਾ ਹੈ।੭੫।

ਸਬਦ ਸੁਰਤਿ ਅਵਗਾਹਨ ਕੈ ਸਾਧ ਸੰਗਿ,
ਆਤਮ ਤਰੰਗ ਗੰਗ ਸਾਗਰ ਲਹਿਰ ਹੈ॥


www.AKJ.Org

ਅਗਮ ਅਥਾਹ ਆਹਿ ਅਪਰ ਅਪਾਰ ਅਤਿ,
ਰਤਨ ਪ੍ਰਗਾਸ ਨਿਧਿ ਪੂਰਨ ਗਹਰ ਹੈ ॥
ਹੰਸ ਮਰਜੀਵਾ ਗੁਨ ਗਾਹਕ ਚਾਹਕ ਸੰਤ,
ਨਿਸ ਦਿਨ ਘਟਿਕਾ ਮਹੂਰਤ ਪਹਰ ਹੈ ॥
ਸ੍ਵਾਂਤਿ ਬੂੰਦ ਬਰਖਾ ਜਿਉ ਗਵਨ ਘਟਾ ਘਮੰਡ,
ਹੋਤ ਮੁਕਤਾਹਲ ਅਉ ਨਰ ਨਰਹਰ ਹੈ ॥੭੬॥

**ਪਦ ਅਰਥ** : ਅਵਗਾਹਨ—ਚੁਭੀ ਲਾਉਣੀ, ਲੀਨ ਹੋਣਾ। ਕੈ—ਕਰ ਕੇ। ਸਾਗਰ—ਸਮੁੰਦਰ। ਅਗਮ—ਪਹੁੰਚ ਤੋਂ ਪਰੇ। ਅਥਾਹ—ਜਿਸ ਦੀ ਡੂੰਘਾਈ ਨਾ ਜਾਣੀ ਜਾ ਸਕੇ। ਆਹਿ—ਹੈ। ਅਪਰ ਅਪਾਰ ਅਤਿ—ਬਹੁਤ ਹੀ ਪਰੇ ਤੋਂ ਪਰੇ। ਪ੍ਰਗਾਸ—ਪ੍ਰਗਟਾਉਣਾ, ਪ੍ਰਾਪਤ ਕਰਨਾ। ਰਤਨ ਨਿਧਿ—ਰਤਨਾਂ ਦਾ ਖ਼ਜ਼ਾਨਾ। ਪੂਰਨ ਗਹਰ—ਪੂਰਨ ਡੂੰਘਾਈ ਵਾਲੀ ਅਵਸਥਾ। ਹੰਸ—ਮਾਨ ਸਰੋਵਰ ਤੋਂ ਮੋਤੀ ਚੁਗਣ ਵਾਲੇ ਪੰਛੀ। ਮਰਜੀਵਾ—ਸਮੁੰਦਰ ਵਿਚ ਟੁਭੀ ਮਾਰ ਕੇ ਰਤਨ ਖੋਜਣ ਵਾਲਾ। ਗੁਣ ਗਾਹਕ—(ਨਾਮ-ਰਤਨ ਰੂਪੀ) ਗੁਣ ਵਿਹਾਝਣ ਦਾ ਗਾਹਕ। ਚਾਹਕ—ਚਾਹਵਾਨ। ਸੰਤ—ਗੁਰਸਿਖ ਸੰਤ। ਨਿਸ ਦਿਨ—ਰਾਤ ਦਿਨ। ਘਟਿਕਾ—ਘੜੀ। ਮਹੂਰਤ—ਦੋ ਘੜੀਆਂ (੪੮ ਮਿੰਟਾਂ) ਦਾ ਸਮਾਂ। ਬਰਖਾ—ਬਰਖਾ ਰੁਤ। ਘਟਾ ਘਮੰਡ—ਬਦਲਾਂ ਦੀਆਂ ਘਟਾਂ ਦਾ ਇਕੱਠ। ਮੁਕਤਾਹਲ—ਮੋਤੀ। ਅਉ—ਅਤੇ। ਨਰਹਰ—ਨਰਾਂ ਦਾ ਰਾਜਾ।

**ਅਰਥ** : ਸਾਧ ਸੰਗਤ ਵਿਚ ਮਿਲ ਕੇ ਸ਼ਬਦ-ਸੁਰਤ ਵਿਚ ਲੀਨ ਹੋਣ ਨਾਲ, ਵਾਹਿਗੁਰੂ-ਸਿਮਰਨ ਵਿਚ ਨਿਮਗਨ ਹੋਇਆਂ, ਸਮੁੰਦਰ ਦੀਆਂ ਲਹਿਰਾਂ ਵਾਂਗ ਆਤਮ-ਤਰੰਗ ਦੇ ਰੰਗ ਬਝਦੇ ਹਨ।

ਵਾਹਿਗੁਰੂ ਰੂਪੀ ਸਮੁੰਦਰ ਪ੍ਰਾਣੀ ਦੀ ਪਹੁੰਚ ਤੋਂ ਪਰੇ ਹੈ ਅਤੇ ਉਸ ਦੀ ਡੂੰਘਾਈ ਕੋਈ ਜਾਣ ਨਹੀਂ ਸਕਦਾ, ਉਹ ਬਹੁਤ ਹੀ ਪਰੇ ਤੋਂ ਪਰੇ ਹੈ। (ਨਾਮ-ਸਿਮਰਨ ਵਿਚ ਲੀਨ ਰਹਿਣ ਵਾਲਾ ਗੁਰਸਿਖ) ਪੂਰਨ ਗਹਿਰਾਈ ਵਾਲੀ ਅਵਸਥਾ ਵਿਚ (ਅਪਹੁੰਚ ਤੇ ਅਥਾਹ ਵਾਹਿਗੁਰੂ ਦੇ ਸਿਫ਼ਤ-ਸਲਾਹ ਰੂਪੀ) ਰਤਨ-ਭੰਡਾਰ ਨੂੰ ਪ੍ਰਾਪਤ ਕਰ ਲੈਂਦਾ ਹੈ।

ਗੁਰਸਿਖ-ਸੰਤ ਰਾਤ ਦਿਨ, ਘੜੀ, ਮੁਹੂਰਤ ਪਹਿਰ, ਹਰ ਵੇਲੇ ਹੰਸ ਤੇ ਮਰਜੀਵੜੇ ਵਾਂਗ ਨਾਮ-ਰਤਨਾਂ ਦੇ ਗੁਣਾਂ ਦਾ ਚਾਹਵਾਨ ਹੋ ਕੇ, (ਇਸੇ ਵਪਾਰ ਨੂੰ ਵਿਹਾਝਣ ਦਾ) ਗਾਹਕ ਬਣਿਆ ਰਹਿੰਦਾ ਹੈ।

ਜਿਵੇਂ ਬਰਖਾ ਰੁਤ ਵਿਚ ਸਵਾਂਤੀ ਨਛਤ੍ਰ ਦੀ ਇਕ ਬੂੰਦ ਅਕਾਸ਼ ਵਿਚ ਉਮਡੀਆਂ ਘਟਾਂ ਦੇ ਜਮਘਟੇ ਵਿਚ ਗਵਨ ਕਰਦੀ ਹੈ, ਉਹ ਬੂੰਦ ਸਿੱਪ ਵਿਚ ਪੈਣ ਨਾਲ ਮੋਤੀ ਅਤੇ ਮਨੁਖ ਤੇ ਪੈਣ ਨਾਲ ਉਸ ਨੂੰ ਨਰਾਂ ਦਾ ਰਾਜਾ ਬਣਾ ਦਿੰਦੀ ਹੈ, (ਇਸੇ ਤਰ੍ਹਾਂ ਸਨਮੁਖ-ਸੇਵਕ-ਸਿਖ ਦੇ ਦਸਮ ਦੁਆਰ ਵਿਚ ਜਦ ਨਾਮ ਸਿਮਰਨ ਦੀ ਅਤੁੱਟ ਕਮਾਈ ਸਦਕਾ ਅਨਹਦ ਧੁਨੀ ਦੀ ਗੂੰਜ ਪੈਂਦੀ ਹੈ ਤਾਂ ਨਾਮ-ਅੰਮ੍ਰਿਤ-ਧਾਰਾ ਦੀ ਬਰਖਾ ਹੋ ਕੇ, ਉਸ ਨੂੰ ਕੀਮਤੀ ਮੋਤੀ ਵਾਂਗ ਜਗਮਗਾ ਦਿੰਦੀ ਹੈ ਅਤੇ 'ਨਰਹਰਿ' ਪ੍ਰਭੂ ਦਾ ਰੂਪ ਕਰ ਦਿੰਦੀ ਹੈ) ।੭੬।

ਸਬਦ ਸੁਰਤਿ ਲਿਵ ਜੋਤਿ ਕੋ ਉਦੋਤ ਭਇਓ,
ਤ੍ਰਿਭਵਨ ਅਉ ਤ੍ਰਿਕਾਲ ਅੰਤਰਿ ਦਿਖਾਏ ਹੈਂ ॥
ਸਬਦ ਸੁਰਤਿ ਲਿਵ ਗੁਰਮਤਿ ਕੋ ਪ੍ਰਗਾਸ,
ਅਕਥ ਕਥਾ ਬਿਨੋਦ ਅਲਖ ਲਖਾਏ ਹੈਂ ॥
ਸਬਦ ਸੁਰਤਿ ਲਿਵ ਨਿਝਰ ਅਪਾਰ ਧਾਰ,
ਪ੍ਰੇਮ ਰਸ ਰਸਿਕ ਹੁਇ ਅਪਿਅ ਪੀਆਏ ਹੈਂ ॥
ਸਬਦ ਸੁਰਤਿ ਲਿਵ ਸੋਹੰ ਸੋ ਅਜਪਾ ਜਾਪ,
ਸਹਜ ਸਮਾਧਿ ਸੁਖ ਸਾਗਰ ਸਮਾਏ ਹੈਂ ॥੭੭॥

**ਪਦ ਅਰਥ** : ਜੋਤਿ ਕੋ ਉਦੋਤ—ਜੋਤੀ ਦਾ ਪ੍ਰਕਾਸ਼। ਤ੍ਰਿਭਵਨ—ਤਿੰਨ ਲੋਕ, ਅਕਾਸ਼, ਪਤਾਲ ਤੇ ਧਰਤੀ।


www.AKJ.Org

ਤ੍ਰਿਕਾਲ—ਤਿੰਨ ਸਮੇਂ, ਭੂਤ, ਵਰਤਮਾਨ ਤੇ ਭਵਿਖਤ । ਪ੍ਰਗਾਸ—ਪ੍ਰਕਾਸ਼, ਪ੍ਰਗਟ । ਬਿਨੋਦ—ਅਨੰਦ ਮੰਗਲ। ਅਲਖ—ਨਾ ਜਾਣਿਆ ਜਾ ਸਕਣ ਵਾਲਾ । ਨਿਝਰ—ਇਕ ਰਸ । ਅਪਾਰ ਧਾਰ—ਅਤੁਟ, ਲਗਾਤਾਰ ਧਾਰਾ। ਰਸਿਕ—ਰਜੀਆ । ਅਪਿਅ—ਅੰਮ੍ਰਿਤ । ਸੋਹੰ ਸੋ—ਮੈਂ ਤੇ ਤੂੰਹ ਇਕ ਹਾਂ, ਪ੍ਰਭੂ ਨਾਲ ਇਕ-ਮਿਕਤਾ । ਅਜਪਾ ਜਾਪ—ਇਕ-ਰਸ ਲਗਾਤਾਰ ਜਾਪ । ਸੁਖ ਸਾਗਰ—ਸੁਖਾਂ ਦਾ ਸਮੁੰਦਰ ।

**ਅਰਥ**—(ਗੁਰੂ ਦੇ ਅਨਿੰਨ ਸੇਵਕ-ਸਿਖ ਦੀ) ਸ਼ਬਦ ਸੁਰਤ ਵਿਚ ਲਿਵ ਲਗਣ ਨਾਲ, ਉਸ ਦੇ ਅੰਤਰ-ਆਤਮੇ ਜੋਤੀ ਸਰੂਪ ਪ੍ਰਭੂ ਦੀ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਸ ਦਸ਼ਾ ਵਿਚ ਉਸ ਨੂੰ ਅੰਤਰ-ਆਤਮੇ ਹੀ ਤਿੰਨਾਂ ਭਵਣਾਂ ਤੇ ਤਿੰਨਾਂ ਕਾਲਾਂ ਵਿਚ ਵਰਤ ਰਹੇ ਵਰਤਾਰੇ ਦੀ ਸੋਝੀ ਹੋ ਆਉਂਦੀ ਹੈ।

ਸ਼ਬਦ ਸੁਰਤ ਵਿਚ ਬ੍ਰਿਤੀ ਦਾ ਟਿਕਾਉ ਹੋਣ ਨਾਲ ਗੁਰਮੁਖ ਸੇਵਕ ਦੇ ਅੰਤਰ-ਆਤਮੇ ਗੁਰਮਤਿ ਦਾ ਪ੍ਰਗਾਸ ਹੋ ਜਾਂਦਾ ਹੈ। ਉਸ ਅਵਸਥਾ ਵਿਚ ਉਹ ਅਕਥ ਕਥਾ ਵਾਲੇ ਵਾਹਿਗੁਰੂ ਨਾਲ ਸਾਂਝ ਪਾ ਕੇ ਅਨੰਦ ਮਾਣਦਾ ਹੈ ਅਤੇ ਨਾ ਜਾਣੇ ਜਾ ਸਕਣ ਵਾਲੇ ਵਾਹਿਗੁਰੂ ਦੀ ਉਸ ਨੂੰ ਸਮਝ ਪੈ ਜਾਂਦੀ ਹੈ।

ਸ਼ਬਦ ਸੁਰਤ ਵਿਚ ਲੀਨ ਹੋਣ ਨਾਲ (ਦਸਮ ਦੁਆਰ ਤੋਂ) ਇਕ-ਰਸ ਲਗਾਤਾਰ ਨਾਮ-ਅੰਮ੍ਰਿਤ ਦੀ ਧਾਰਾ ਵਰਸਦੀ ਹੈ, ਜਿਸ ਦੇ ਤੁਫ਼ੈਲ ਉਹ ਪ੍ਰੇਮ-ਰਸ ਦਾ ਰਜੀਆ ਹੋ ਕੇ ਨਾਮ-ਅੰਮ੍ਰਿਤ-ਬੂੰਦ ਨੂੰ ਪੀਵੀ ਜਾਂਦਾ ਹੈ।

ਸ਼ਬਦ ਸੁਰਤ ਵਿਚ ਬ੍ਰਿਤੀ ਟਿਕਣ ਨਾਲ ਗੁਰਮੁਖ ਸੇਵਕ ਪ੍ਰਭੂ ਨਾਲ ਇਕ-ਮਿਕ ਹੋ ਕੇ ਲ ਾਤਾਰ ਇਕ-ਰਸ ਨਾਮ-ਸਿਮਰਨ ਵਿਚ ਜੁਟਿਆ ਰਹਿੰਦਾ ਹੈ, ਇਸ ਸਹਜ ਸਮਾਧੀ ਵਿਚ ਉਹ ਸੁਖਾਂ ਦੇ ਸਾਗਰ ਵਾਹਿਗੁਰੂ ਵਿਚ ਸਮਾਇਆ ਰਹਿੰਦਾ ਹੈ।੭੭।

---

## ਦੇਸ ਪਰਦੇਸ ਦੇ ਅਮਾਨਤੀ ਲਾਈਫ਼ ਮੈਂਬਰਸ਼ਿਪ ਬਕਾਏ

ਦੇਸ ਵਿਚਲੇ ਜਿਨ੍ਹਾਂ ਪਾਠਕਾਂ ਦੇ ਡੇਢ ਸੌ ਰੁਪਏ ਸੂਰਾ ਪਾਸ ਅਮਾਨਤੀ ਲਾਈਫ ਮੈਂਬਰ ਵਜੋਂ ਜਮ੍ਹਾਂ ਹਨ ਉਨ੍ਹਾਂ ਵਲੋਂ ਵਧੇ ਹੋਏ ਰੇਟ ਦੀ ਰਕਮ ਇਕ ਸੌ ਰੁਪਏ ਨਾ ਪੁਜਣ ਕਰਕੇ, ਉਨ੍ਹਾਂ ਦੀ ਅਮਾਨਤੀ ਲਾਈਫ ਮੈਂਬਰਸ਼ਿਪ ਖਤਮ ਕਰਕੇ ਜਮ੍ਹਾਂ ਰਕਮ ਨੂੰ ਸਾਲਾਨਾ ਚੰਦਿਆਂ ਵਿਚ ਬਦਲੀ ਜਾ ਰਹੇ ਹਾਂ। ਇਸ ਤਰ੍ਹਾਂ ਉਨ੍ਹਾਂ ਦੀ ਰਕਮ ੩੦ ਰੁਪਏ ਸਾਲ ਦੇ ਹਿਸਾਬ ਨਾਲ ਨਵੰਬਰ ੧੯੯੫ ਨੂੰ ਖ਼ਤਮ ਹੋ ਜਾਏਗੀ।

ਪਰਦੇਸੀ ਅਮਾਨਤੀ ਲਾਈਫ ਮੈਂਬਰ, ਜਿਨ੍ਹਾਂ ਵਲੋਂ ਇਕ ਹਜ਼ਾਰ ਰੁਪਏ ਜਮ੍ਹਾਂ ਹਨ, ਉਨ੍ਹਾਂ ਨੂੰ ਭੀ ਉਪ੍ਰੋਕਤ ਵਿਉਂਤ ਅਨੁਸਾਰ ਚੰਦਿਆਂ ਵਿਚ ਬਦਲਿਆ ਜਾ ਰਿਹਾ ਹੈ। ੨੫੦/-ਰੁਪਏ ਸਾਲਾਨਾ ਦੇ ਹਿਸਾਬ ਉਨ੍ਹਾਂ ਦਾ ਚੰਦਾ ਨਵੰਬਰ ੧੯੯੪ ਵਿਚ ਖ਼ਤਮ ਹੋ ਜਾਏਗਾ ਜੀ। ਸੰਬੰਧਤ ਪਾਠਕ ਨੋਟ ਕਰ ਲੈਣ ਜੀ। ਬਾਕੀ ਪਾਠਕ ਭੀ ਆਪਣੇ ਬਕਾਏ ਛੇਤੀ ਭੇਜੋ ਜੀ!

## ਸ਼ਹੀਦੀ ਫ਼ੰਡ

ਸਾਨੂੰ ਸੂਚਨਾ ਮਿਲੀ ਹੈ ਕਿ ਪਰਦੇਸਾਂ ਵਿਚ ਕੁਝ ਖੁਣਸੀ ਤੇ ਈਰਖਾਲੂ ਸੱਜਣ ਅਖੰਡ ਕੀਰਤਨੀ ਜਥੇ ਵਲੋਂ ਜਾਰੀ ਕੀਤੇ ਸ਼ਹੀਦੀ ਫ਼ੰਡ ਬਾਰੇ ਕਈ ਗਲਤ-ਫ਼ਹਿਮੀਆਂ ਤੇ ਭਰਾਂਤੀਆਂ ਪਾ ਰਹੇ ਹਨ ਕਿ ਫ਼ੰਡ ਦੀ ਵੰਡ ਬਾਰੇ 'ਸੂਰਾ' ਵਿਚ ਐਵੇਂ ਹੀ ਛਾਪ ਦੇਂਦੇ ਹਨ, "ਦਿੰਦੇ ਕਿਸੇ ਨੂੰ ਕੁਝ ਨਹੀਂ।"

ਇਸ ਬਾਰੇ ਅਸੀਂ ਖੁਲ੍ਹੇ ਆਮ ਐਲਾਨ ਕਰਦੇ ਹਾਂ ਕਿ ਜਿਸ ਕਿਸੇ ਨੂੰ ਕੋਈ ਤੌਖਲਾ ਹੋਵੇ, ਉਹ ਸੂਰਾ ਦੇ ਦਫ਼ਤਰ ਤੋਂ ਸਹਾਇਤਾ ਪ੍ਰਾਪਤ ਕਰਨ ਵਾਲੇ ਸਜਣਾਂ ਦੇ ਭਰੇ ਹੋਏ ਸਹਾਇਤਾ-ਫ਼ਾਰਮ ਚੈਕ ਕਰ ਕੇ ਸੰਬੰਧਤ ਸਜਣਾਂ ਤੋਂ ਪੁਛ ਪੜਤਾਲ ਕਰ ਕੇ ਤਸੱਲੀ ਕਰ ਸਕਦਾ ਹੈ।

## ਭਾ: ਸਾ: ਭਾਈ ਰਣਧੀਰ ਸਿੰਘ ਕੀਰਤਨ ਉਤਸ਼ਾਹਤ ਸਕੀਮ

ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਸਮੇਂ ਉਪ੍ਰੋਕਤ ਸਕੀਮ ਅਧੀਨ ਪ੍ਰੀਖਿਆ ਹੁੰਦੀ ਹੈ, ਜਿਸ ਵਿਚ ੨੦ ਸਾਲ ਜਾਂ ਇਸ ਤੋਂ ਘਟ ਉਮਰ ਦੇ ਪ੍ਰਾਰਥਕ ਹਿੱਸਾ ਲੈ ਸਕਦੇ ਹਨ। ਪ੍ਰੀਖਿਆ ਦੇਣ ਵਾਲਿਆਂ ਦੇ ਆਸਾ ਦੀ ਵਾਰ, ਛੱਕੇ ਛੰਤ ਅਤੇ ਘਟੋ ਘਟ ਇਕ ਸ਼ਬਦ ਹਰ ਛੱਕੇ ਨਾਲ ਮਿਲਦਾ, ਜ਼ਬਾਨੀ ਕੰਠ ਹੋਣੇ ਜ਼ਰੂਰੀ ਹਨ। ਹਰ ਸਾਲ ਨਵੇਂ ਪ੍ਰਾਰਥਕ ਹੀ ਹਿੱਸਾ ਲੈ ਸਕਦੇ ਹਨ।

ਪ੍ਰਾਰਥਕਾਂ ਦੀਆਂ ਦਰਖ਼ਾਸਤਾਂ ੩੧ ਮਾਰਚ ੧੯੯੩ ਤਕ ਸਕੱਤਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ ਦੇ ਪਤੇ ਤੇ ਪੁਜ ਜਾਣ। ਦਰਖ਼ਾਸਤਾਂ ਵਾਸਤੇ ਫ਼ਾਰਮ ਲੁਧਿਆਣੇ ਦੇ ਉਕਤ ਪਤੇ ਤੋਂ ਮੰਗਵਾਓ ਜੀ। ਪ੍ਰੀਖਿਆ ੧੨ ਅਪ੍ਰੈਲ ੩ ਵਜੇ ਸ਼ਾਮ ਸ੍ਰੀ ਅੰਮ੍ਰਿਤਸਰ ਹੋਵੇਗੀ।

www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ
# ਮੁਗਲਾਂ ਜ਼ਹਿਰ ਪਿਆਲੇ ਪੀਤੇ (੩੪)

[ਕੈਪਟਨ ਸਵਰਨ ਸਿੰਘ ਜੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਦਸੰਬਰ ੧੯੯੨)

**ਭਾਈ ਮਨੀ ਸਿੰਘ ਜੀ–**

ਸਿਖ ਇਤਿਹਾਸ ਦੇ ਪ੍ਰਸਿਧ ਲਿਖਾਰੀ ਤੇ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਨੇ, ਜੋ ਭਾਈ ਮਨੀ ਸਿੰਘ ਜੀ ਦੇ ਪੜਪੋਤਾ ਸਨ, ਭਾਈ ਸਾਹਿਬ ਦੇ ਜੀਵਨ ਬਿਰਤਾਂਤ ਤੇ ਸ਼ਹਾਦਤ ਬਾਰੇ ਪੰਥ ਪ੍ਰਕਾਸ਼ ਵਿਚ ਬੜਾ ਸੋਹਣਾ ਵਿਸਥਾਰ ਦਿਤਾ ਹੈ। ਉਹ ਲਿਖਦੇ ਹਨ ਕਿ ਜਦ ਗੁਰੂ ਤੇਗ ਬਹਾਦਰ ਜੀ ਪਿੰਡ ਅਕੋਈ ਵਿਖੇ ਆ ਕੇ ਠਹਿਰੇ ਹੋਏ ਸਨ ਤਾਂ ਪਿੰਡ ਕੈਂਬੋਵਾਲ[1] (ਜੋ ਸ਼ਹਿਰ ਸੁਨਾਮ ਦੇ ਲਾਗੇ ਸੀ) ਦਾ ਵਸਨੀਕ ਸਿਖ ਭਾਈ ਕਲ੍ਹਾ ਆਪਣੇ ਦੋ ਪੁਤਰਾਂ ਮਨੀਆ ਤੇ ਨਿਗਾਹੀਏ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਨੂੰ ਮੱਥਾ ਟੇਕਣ ਆਇਆ। ਇਹ ਘਰਾਣਾ ਗੁਰੂ ਘਰ ਦਾ ਅਨਿੰਨ ਭਗਤ ਸੀ।

ਦਸਮੇਸ਼ ਜੀ ਜਦ ਪਟਨੇ ਤੋਂ ਸ੍ਰੀ ਅਨੰਦਪੁਰ ਸਾਹਿਬ ਆ ਕੇ ਗੁਰੂ ਤੇਗ ਬਹਾਦਰ ਜੀ ਪਾਸ ਰਹਿਣ ਲੱਗੇ ਤਾਂ ਭਾਈ ਕਲ੍ਹਾ ਆਪਣੇ ਪੁੱਤਰ ਮਨੀਏ (ਪਿਛੋਂ ਭਾਈ ਮਨੀ ਸਿੰਘ) ਨੂੰ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਭਾਈ ਕੱਲ੍ਹਾ ਆਪਣੇ ਪੁੱਤਰ ਨੂੰ ਗੁਰੂ ਘਰ ਸੌਂਪ ਕੇ ਵਾਪਸ ਪਿੰਡ ਪਰਤ ਆਇਆ। ਮਨੀਏ ਦੀ ਉਮਰ ਉਸ ਵੇਲੇ ਸੱਤ ਕੁ ਸਾਲ ਦੀ ਸੀ, ਭਾਵ ਦਸਮੇਸ਼ ਜੀ ਤੋਂ ਦੋ ਸਾਲ ਵੱਡੀ। ਇਸ ਦੀ ਲਿਖਾਈ-ਪੜ੍ਹਾਈ ਦਸਮੇਸ਼ ਜੀ ਦੇ ਨਾਲ ਹੀ ਹੋਈ। ਇਸ ਨੂੰ ਹਜ਼ੂਰ ਦਾ ਹਮ-ਜਮਾਤੀ ਤੇ ਬਾਲ-ਸਖਾਈ ਹੋਣ ਦਾ ਮਾਣ ਪ੍ਰਾਪਤ ਹੈ।

ਸੰਨ ੧੬੯੯ ਈ: ਵਿਚ ਜਦ ਦਸਮੇਸ਼ ਜੀ ਨੇ ਖਾਲਸੇ ਦੀ ਸਿਰਜਣਾ ਕੀਤੀ ਤਾਂ ਅੰਮ੍ਰਿਤ ਛਕ ਕੇ ਮਨੀਆ ਵੀ ਮਨੀ ਸਿੰਘ ਬਣ ਗਿਆ। ਜਦ ਅਨੰਦਪੁਰ ਸਾਹਿਬ ਛਡਿਆ ਤਾਂ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਆਪਣੇ ਮਹਿਲਾਂ ਨਾਲ ਦਿੱਲੀ ਭੇਜ ਦਿਤਾ, ਜਿਥੇ ਉਹ ਉਨ੍ਹਾਂ ਦੀ ਸੇਵਾ ਵਿਚ ਰਹਿੰਦੇ ਰਹੇ। ਮੁਕਤਸਰ ਦੀ ਜੰਗ ਪਿਛੋਂ ਕਲਗੀਧਰ ਜੀ ਦਮਦਮੇ ਸਾਹਿਬ ਆ ਬਿਰਾਜੇ ਤਾਂ ਭਾਈ ਮਨੀ ਸਿੰਘ, ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਦੇਵਾਂ ਨੂੰ ਨਾਲ ਲੈ ਕੇ ਦਮਦਮੇ ਸਾਹਿਬ ਗੁਰੂ ਜੀ ਨੂੰ ਆ ਮਿਲੇ। ਇਥੋਂ ਜਦ ਦਸਮੇਸ਼ ਜੀ ਨਾਦੇੜ ਨੂੰ ਗਏ ਤਾਂ ਭਾਈ ਮਨੀ ਸਿੰਘ ਵੀ ਨਾਲ ਹੀ ਗਿਆ। ਮਹਾਰਾਜ ਦੇ ਜੋਤੀ ਜੋਤਿ ਸਮਾਉਣ ਤੋਂ ਕੁਛ ਦਿਨ ਪਹਿਲਾਂ ਹੁਕਮ ਪਾ ਕੇ ਮਾਤਾ ਸਾਹਿਬ ਦੇਵਾਂ ਤੇ ਮਾਤਾ ਸੁੰਦਰ ਕੌਰ ਜੀ ਨਾਲ ਦਿੱਲੀ ਆ ਗਿਆ। ਇਥੇ ਮਾਤਾਵਾਂ ਦੀ ਸੇਵਾ ਵਿਚ ੧- ਸਾਲ ਰਿਹਾ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਪੰਜ ਕੁ ਸਾਲ ਪਿਛੋਂ ਜਦ ਤੱਤ ਖਾਲਸੇ ਤੇ ਬੰਦਈਆਂ ਵਿਚ ਝਗੜਾ ਬਹੁਤ ਵਧ ਗਿਆ ਤਾਂ ਇਸ ਦਾ ਨਿਬੇੜਾ ਕਰਨ ਲਈ ਮਾਤਾ ਸੁੰਦਰ ਕੌਰ ਜੀ (ਮਾਤਾ ਸੁੰਦਰੀ ਜੀ) ਨੇ ੧੭੨੧ ਈ: ਵਿਚ ਇਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪ ਕੇ ਅੰਮ੍ਰਿਤਸਰ ਭੇਜਿਆ ਤੇ ਕਿਹਾ ਕਿ ਸਿੱਖਾਂ ਵਿਚਕਾਰ ਪੈ ਚੁਕੇ ਝਗੜੇ ਨੂੰ ਮੁਕਾ ਦੇਵੇ। ੧੭੨੧ ਈ: ਤੋਂ ਲੈ ਕੇ ਸ਼ਹਾਦਤ ਤਕ ਆਪ ਹਰਿਮੰਦਰ ਸਾਹਿਬ ਦੇ ਗ੍ਰੰਥੀ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਤੇ ਵਿਆਖਿਆ ਦੀ ਮਰਯਾਦਾ ਭਾਈ ਸਾਹਿਬ ਤੋਂ ਚਲੀ ਹੈ।

**ਨਿਗਾਹੀਆ ਸਿੰਘ ਤੇ ਉਸ ਦਾ ਪਰਵਾਰ–**

ਨਿਗਾਹੀਆ ਸਿੰਘ ਪਿਛੇ ਪਿੰਡ ਕੈਂਬੋਵਾਲ ਹੀ ਰਹਿੰਦਾ ਸੀ। ਇਕ ਵਾਰ ਉਹ ਪਰਵਾਰ ਸਮੇਤ ਸ੍ਰੀ ਅੰਮ੍ਰਿਤਸਰ ਜੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਉਸ ਦੇ ਸੱਤਾਂ ਪੁੱਤਰਾਂ–ਅਘੜ ਸਿੰਘ, ਥਰਾਜ ਸਿੰਘ, ਦਰਗਾਹ ਸਿੰਘ, ਰੁਘਾ ਸਿੰਘ, ਬਖਤ ਸਿੰਘ, ਸੁਜਾਨ ਸਿੰਘ ਨੇ ਇਥੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ। ਪਹਿਲੇ ਤਿੰਨ ਤਾਂ ਭਾਈ ਸਾਹਿਬ ਦੇ ਪਾਸ ਸ੍ਰੀ ਅੰਮ੍ਰਿਤਸਰ ਹੀ ਰਹੇ ਤੇ ਬਾਕੀ ਚਾਰੇ ਆਪਣੇ ਪਿਤਾ



www.AKJ.Org

ਨਾਲ ਵਾਪਸ ਪਿੰਡ ਆ ਕੇ ਖੇਤੀ ਦੀ ਕਿਰਤ ਵਿਚ ਰੁਝ ਗਏ । ਜਦ ਨਵਾਬ ਕਪੂਰ ਸਿੰਘ ਪੰਥ ਦਾ ਜਥੇਦਾਰ ਬਣਿਆ ਤਾਂ ਬਰਾਜ ਸਿੰਘ ਉਸ ਦੇ ਜਥੇ ਵਿਚ ਜਾ ਰਲਿਆ[੨] । ਦਰਗਾਹ ਸਿੰਘ ਅੰਤ ਸਮੇਂ ਤਕ ਭਾਈ ਮਨੀ ਸਿੰਘ ਜੀ ਦੀ ਸੇਵਾ ਵਿਚ ਰਿਹਾ ।

**ਸਿੰਘਾਂ ਉਤੇ ਹੋਰ ਤਅਦੀ–**

ਲਖਪਤ ਰਾਏ ਤੇ ਕਾਜ਼ੀ ਅਬਦੁਲ ਰਜ਼ਾਕ ਹੱਥ ਧੋ ਕੇ ਸਿੰਘਾਂ ਮਗਰ ਪਏ ਹੋਏ ਸਨ । ਉਨ੍ਹਾਂ ਨੇ ਐਸਾ ਕਰੜਾ ਪ੍ਰਬੰਧ ਕੀਤਾ ਹੋਇਆ ਸੀ ਕਿ ਸਿੰਘਾਂ ਦਾ ਅੰਮ੍ਰਿਤਸਰ ਆਉਣਾ ਜਾਣਾ ਬਿਲਕੁਲ ਬੰਦ ਹੋ ਗਿਆ ਸੀ । ਸਿਖ ਗੁਰੂ ਘਰ ਦੇ ਖੁਲ੍ਹੇ ਦਰਸ਼ਨਾਂ ਨੂੰ ਤਰਸਣ, ਇਸ ਦਾ ਦੁਖ ਭਾਈ ਮਨੀ ਸਿੰਘ ਦੀ ਆਤਮਾ ਲਈ ਅਸਹਿ ਹੋ ਰਿਹਾ ਸੀ। ਉਨ੍ਹਾਂ ਦੀ ਚਿਰੋਕਣੀ ਦਿਲੀ ਰੀਝ ਸੀ ਕਿ ਕਿਸੇ ਢੰਗ ਤੇ ਬਹਾਨੇ ਨਾਲ ਅੰਮ੍ਰਿਤਸਰ ਵਿਖੇ ਖ਼ਾਲਸਾ ਪੰਥ ਦਾ ਇਕੱਠ ਕੀਤਾ ਜਾਂਵੇ। ਇਸ ਸ਼ੁਭ ਕਾਰਜ ਵਾਸਤੇ ਉਨ੍ਹਾਂ ਅੰਮ੍ਰਿਤਸਰ ਦੇ ਹਾਕਿਮ ਕਾਜ਼ੀ ਅਬਦੁਲ ਰਜ਼ਾਕ ਨਾਲ ਰਸਾਈ ਕੀਤੀ ਕਿ ਉਹ ਜ਼ਕਰੀਆ ਖ਼ਾਨ ਗਵਰਨਰ ਲਾਹੌਰ ਪਾਸੋਂ ਪ੍ਰਵਾਨਗੀ ਲੈ ਕੇ ਦੇਵੇ ਕਿ ਇਥੇ ਪੰਥ ਦਾ ਇਕੱਠ ਹੋ ਸਕੇ । ਭਾਈ ਸਾਹਿਬ ਉਸ ਸਾਲ ਦੀ ਦੀਪਮਾਲਾ, ਜੋ ਕਿ ਬਹੁਤੀ ਦੂਰ ਨਹੀਂ ਸੀ, ਉਤੇ ਇਹ ਇਕੱਠ ਕਰਨਾ ਚਾਹੁੰਦੇ ਸਨ । ਕਾਜ਼ੀ ਨੇ ਗੱਲ ਅੱਗੇ ਤੋਰੀ ਤੇ ਫੈਸਲਾ ਇਹ ਹੋਇਆ ਕਿ ਭਾਈ ਮਨੀ ਸਿੰਘ ਜੀ ਦੀਪਮਾਲਾ ਦਾ ਮੇਲਾ ਕਰਨ ਬਦਲੇ ਸਰਕਾਰ ਲਾਹੌਰ ਨੂੰ ੫ ਹਜ਼ਾਰ ਰੁਪਏ ਠੇਕੇ ਵਜੋਂ ਦੇਣ । ਕਾਜ਼ੀ ਨੇ ਇਹ ਆਗਿਆ ਲੈ ਕੇ ਦੇਣ ਬਦਲੇ ੨ ਹਜ਼ਾਰ ਦੀ ਵੱਢੀ ਆਪਣੇ ਲਈ ਅੱਡ ਮੰਗੀ ।[੩] ਇਹ ਵੀ ਸਰਕਾਰ ਨੇ ਮੰਨ ਲਿਆ ਕਿ ਮੇਲਾ ੧੦ ਦਿਨ ਤੱਕ ਲੱਗਾ ਰਹੇਗਾ ਤੇ ਸਰਕਾਰ ਸਿੰਘਾਂ ਦੇ ਅੰਮ੍ਰਿਤਸਰ ਸਾਹਿਬ ਆਉਣ ਉਤੇ ਕੋਈ ਰੁਕਾਵਟ ਨਹੀਂ ਪਾਵੇਗੀ। ਸਿੰਘ ਵੀ ਅਮਨ ਅਮਾਨ ਰਖਣਗੇ ।

ਦੀਪਮਾਲਾ ਦਾ ਮੇਲਾ ਸੰਮਤ ੧੭੯੪ ਬਿ: ਨੂੰ ਲਾਉਣ ਦੀ ਲਿਖਾ ਪੜ੍ਹੀ ਕਰ ਕੇ ਦੂਰ ਨੇੜੇ ਸੰਗਤਾਂ ਤੇ ਸਿੰਘਾਂ ਦੇ ਜਥਿਆਂ ਨੂੰ ਚਿਠੀਆਂ ਭੇਜ ਦਿੱਤੀਆਂ। ਉਹ ਸਮਝਦੇ ਸਨ ਕਿ ਕਈ ਸਾਲਾਂ ਤੋਂ ਸੰਗਤਾਂ ਗੁਰੂ ਘਰ ਦਿਆਂ ਦਰਸ਼ਨਾਂ ਨੂੰ ਤਰਸ ਰਹੀਆਂ ਹਨ । ਬੜਾ ਵੱਡਾ ਇਕੱਠ ਹੋਵੇਗਾ ਤੇ ਬੇਸ਼ੁਮਾਰ ਚੜ੍ਹਾਵਾ ਚੜ੍ਹੇਗਾ, ਜਿਸ ਵਿਚੋਂ ੭ ਹਜ਼ਾਰ ਦੇ ਕੇ ਬਾਕੀ ਹਰਿਮੰਦਰ ਸਾਹਿਬ ਦੀ ਸੇਵਾ ਤੇ ਲਾ ਦਿੱਤਾ ਜਾਵੇਗਾ । ਮੇਲੇ ਦੀ ਖ਼ਬਰ ਸੁਣ ਕੇ ਸੰਗਤਾਂ ਵਹੀਰਾਂ ਘਤ ਕੇ ਤੁਰ ਪਈਆਂ । ਜਦ ਇਸ ਦੀ ਸੂਹ ਕਾਜ਼ੀ ਨੂੰ ਮਿਲੀ ਤਾਂ ਉਸ ਨੇ ਸਰਕਾਰ ਪਾਸੋਂ ਮੇਲੇ ਦੇ ਪ੍ਰਬੰਧ ਲਈ ਹੋਰ ਫੌਜ ਮੰਗੀ । ਅੰਮ੍ਰਿਤਸਰ ਦੀ ਸੰਗਤ ਨੇ ਬੜੇ ਉਤਸ਼ਾਹ ਨਾਲ ਮੇਲੇ ਲਈ ਤਿਆਰੀਆਂ ਕਰਨੀਆਂ ਆਰੰਭ ਦਿਤੀਆਂ। ਸਰੋਵਰ ਵਿਚ ਸੁਟਵਾਈ ਮਿਟੀ ਆਦਿ ਕਢ ਕੇ ਸਾਫ਼ ਕੀਤਾ ਤੇ ਖੂਹ ਜੋ ਕੇ ਪਾਣੀ ਨਾਲ ਭਰ ਦਿੱਤਾ ।

**ਖਾਨ ਬਹਾਦਰ ਦੀ ਬੇਈਮਾਨੀ ਤੇ ਬਦਨੀਤੀ–**

ਲਖੂ ਵਰਗੇ ਦੁਸ਼ਟ ਸਲਾਹਕਾਰ ਜਿਸ ਦੇ ਹੋਣ, ਉਸ ਦਾ ਈਮਾਨ ਕਿਵੇਂ ਕਾਇਮ ਰਹੇ । ਇਸ਼ਾਰਾ ਦਿਤਾ ਕਿ ਸਿੱਖਾਂ ਨੂੰ ਕਾਬੂ ਕਰਨ ਦਾ ਇਸ ਤੋਂ ਵੱਡਾ ਸੁਨਹਿਰੀ ਮੌਕਾ ਨਹੀਂ ਮਿਲ ਸਕਦਾ । ਬੇਈਮਾਨ ਦੀ ਮਾੜੀ ਸੋਚ ਨੂੰ ਖੁਲ੍ਹ ਖੇਲਣ ਲਈ ਤਾਂ ਮਾਮੂਲੀ ਇਸ਼ਾਰੇ ਤੇ ਸਹਾਰੇ ਦੀ ਲੋੜ ਹੁੰਦੀ ਹੈ । ਨਾਜ਼ਮ ਜ਼ਕਰੀਆ ਖ਼ਾਨ ਦੀ ਨੀਅਤ ਬਦਲ ਗਈ । ਸੋਚਿਆ ਕਿ ਇਥੇ ਬੜੇ ਬੜੇ ਨਾਮੀ ਸਿੰਘ ਸਰਦਾਰ ਇਕੱਠੇ ਹੋਣਗੇ । ਕਿਉਂ ਨਾ ਏਥੇ ਹੀ ਫੜ ਲਏ ਜਾਣ । ਨਾਮਵਰ ਜ਼ਾਲਮ ਫ਼ੌਜਦਾਰਾਂ ਨੂੰ ਬਹੁਤ ਸਾਰੀ ਫੌਜ, ਮੇਲੇ ਦੀ ਰਾਖੀ ਦੇ ਬਹਾਨੇ, ਦੇ ਕੇ ਅੰਮ੍ਰਿਤਸਰ ਭੇਜ ਦਿਤਾ, ਜੋ ਖ਼ਾਲਸਾ ਕਾਲਜ, ਪੁਤਲੀ ਘਰ, ਕਿਲ੍ਹਾ ਗੋਬਿੰਦ ਗੜ੍ਹ ਤਕ ਵੇਹਲੀ ਪਈ ਥਾਂ ਤੇ ਆਣ ਉਤਰੀ । ਕੁਝ ਫੌਜ ਸ਼ਹਿਰ ਦੇ ਦੁਆਲੇ ਗਸ਼ਤ ਦੇ ਬਹਾਨੇ ਨਿਗਾਹ ਰਖਣ ਲਈ ਲਾ ਦਿਤੀ, ਜੋ ਸੂਹ ਰਖੇ ਕਿ ਕਿੰਨੇ ਕੁ ਸਿਖ ਇਕੱਠੇ ਹੋ ਰਹੇ ਹਨ ਤੇ ਵਡੇ ਵਡੇ ਸਰਦਾਰ ਕਿਥੇ ਕਿਥੇ ਲਈ ਪੜਾਅ ਲਈ ਉੱਤਰ ਰਹੇ ਹਨ। ਇਹ ਫੌਜ ਮੇਲੇ ਦੇ ਪ੍ਰਬੰਧ ਦੀ ਲੋੜੋਂ ਬਹੁਤ ਜ਼ਿਆਦਾ ਸੀ । ਨਵੇਂ ਅਫ਼ਸਰਾਂ ਦੇ ਤੌਰ ਤਰੀਕੇ ਤੇ ਰੰਗ ਢੰਗ ਵੇਖ ਕੇ ਭਾਈ ਮਨੀ ਸਿੰਘ ਜੀ ਝਟ ਭਾਂਪ ਗਏ ਕਿ ਇਸ ਫੌਜ ਦਾ ਏਡੀ ਗਿਣਤੀ ਵਿਚ ਆਉਣ ਦਾ ਮਨੋਰਥ ਕੀ ਹੈ । ਉਨ੍ਹਾਂ ਝਟਾ ਪਟ ਚਿਠੀਆਂ ਲਿਖ ਕੇ ਸੰਗਤਾਂ ਤੇ ਰਾਠ ਸਿੰਘਾਂ ਨੂੰ ਭੇਜ ਦਿਤੀਆਂ ਕਿ ਅੰਮ੍ਰਿਤਸਰ ਸਾਹਿਬ ਮੇਲੇ ਲਈ ਕੋਈ ਨਾ ਆਵੇ । ਨਾ ਕੋਈ ਆਇਆ ਤੇ

ਨਾ ਮੇਲਾ ਲੱਗਾ। ਫੌਜ ਅੱਖੀਆਂ ਟੱਡ ਕੇ ਵੇਖਦੀ ਹੀ ਰਿਹ ਗਈ। ਕੋਈ ਸਿੰਘ ਉਨ੍ਹਾਂ ਦੇ ਮਕਰ-ਫ਼ਰੇਬ ਦੇ ਜਾਲ ਵਿਚ ਨਾ ਫਸਿਆ। ਕੇਵਲ ਥੋੜੇ ਜਹੇ ਉਦਾਸੀ, ਨਿਰਮਲੇ ਸੰਤ ਤੇ ਮੁਸਲਮਾਨ ਫ਼ਕੀਰ ਹੀ ਇਕੱਠੇ ਹੋਏ।

## ਠੇਕੇ ਦੇ ਟਕੇ ਦੇਣੋਂ ਭਾਈ ਮਨੀ ਸਿੰਘ ਜੀ ਦਾ ਇਨਕਾਰ ਤੇ ਗ੍ਰਿਫਤਾਰੀ–

ਜਦ ਮੇਲੇ ਦੇ ਦਿਨ ਲੰਘ ਗਏ ਤਾਂ ਹਾਕਿਮਾਂ ਨੇ ਭਾਈ ਸਾਹਿਬ ਪਾਸੋਂ ਮੇਲੇ ਦੇ ਠੇਕੇ ਦੇ ਟਕੇ ਮੰਗੇ। ਭਾਈ ਸਾਹਿਬ ਜੀ ਨੇ ਦੋ-ਟੁਕ ਜਵਾਬ ਦਿਤਾ ਕਿ ਮੇਲਾ ਤਾਂ ਤੁਹਾਡੇ ਹੀ ਦਿਲ ਦੇ ਖੋਟ ਨੇ ਨਹੀਂ ਲਗਣ ਦਿਤਾ, ਜਦ ਮੇਲਾ ਹੀ ਨਹੀਂ ਲੱਗਾ, ਚੜ੍ਹਾਵਾ ਨਹੀਂ ਚੜ੍ਹਿਆ, ਤੁਹਾਨੂੰ ਠੇਕਾ ਕਿਥੋਂ ਤਾਰੀਏ ? ਕਾਜ਼ੀ ਅਬਦੁਲ ਰਜ਼ਾਕ ਆਪਣੀ ਵੱਢੀ ਨਾ ਮਿਲਣ ਤੇ ਬਹੁਤ ਔਖਾ ਸੀ। ਅੰਤ ਗਵਰਨਰ ਲਾਹੌਰ ਦੇ ਹੁਕਮ ਨਾਲ ਲਖਪਤ ਰ੍ਹਾਏ ਨੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰ, ਲਾਹੌਰ ਲੈ ਜਾ ਕੇ ਖਾਨ ਬਹਾਦਰ ਦੇ ਪੇਸ਼ ਕੀਤਾ। ਇਹ ਘਟਨਾ ਸੰਨ ੧੭੯੫ ਬਿਕ੍ਰਮੀ (੧੭੩੮ ਈ:) ਦੀ ਹੈ।

## ਪੇਸ਼ੀ ਤੇ ਕਤਲ ਦਾ ਹੁਕਮ–

ਜਦ ਭਾਈ ਮਨੀ ਸਿੰਘ ਨੂੰ ਜ਼ਕਰੀਆ ਖਾਨ ਦੇ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਸਲਾਮ ਆਦਾਬ ਦੀ ਜਗ੍ਹਾ ਗੱਜ ਕੇ ਫਤਹ ਬੁਲਾਈ। ਸਾਰੇ ਦਰਬਾਰ ਵਿਚ ਥਲਕਾ ਮੱਚ ਗਿਆ। ਸੂਬੇਦਾਰ ਤਾਂ ਸੜ ਕੇ ਕੋਲੇ ਹੋ ਗਿਆ। ਟਕੇ ਤਾਰੇ ਨਹੀਂ, ਉਤੋਂ ਸਿਖ ਨਿਰਭੈਤਾ ਨਾਲ ਫਤਹ ਬੁਲਾਉਂਦਾ। ਕਾਜ਼ੀ ਅੱਡ ਤੜਫਿਆ, ਜਿਵੇਂ ਕਿਸੇ ਨੇ ਜਿਗਰ ਵਿਚ ਖ਼ੰਜਰ ਹੀ ਘੋਪ ਦਿਤਾ ਹੋਵੇ। ਪਿਆ ਲਾਹਵਲ ਪੜ੍ਹੇ। ਨਾਜ਼ਿਮ ਨੇ ਕਿਹਾ ਕਿ "ਤੈਨੂੰ ਫਤਹ ਬੁਲਾਉਣ ਨੂੰ ਨਹੀਂ ਸੱਦਿਆ। ਠੇਕੇ ਦੀ ਸਰਕਾਰੀ ਰਕਮ ਅਦਾ ਕਰੋ।" ਭਾਈ ਸਾਹਿਬ ਨੇ ਕਿਹਾ ਕਿ ਜਦ ਤੁਸਾਂ ਬੇਲੋੜੀ ਬਹੁਤ ਸਾਰੀ ਫ਼ੌਜ ਭੇਜ ਕੇ ਮੇਲਾ ਲਗਣ ਹੀ ਨਹੀਂ ਦਿਤਾ ਤਾਂ ਸਾਥੋਂ ਇਹ ਟਕੇ ਕਾਹਦੇ ਮੰਗਦੇ ਹੋ ? ਵਹਿਦਾ ਤੁਸੀਂ ਤੋੜੋ ਤੇ ਟਕੇ ਅਸੀਂ ਭਰੀਏ ? ਅਸੀਂ ਇਹ ਨਾਜਾਇਜ਼ ਚੱਟੀ ਭਰਨੋਂ ਅਸਮਰੱਥ ਹਾਂ। "ਠੇਕਾ ਨਹੀਂ ਭਰਨਾ ਤਾਂ ਦੀਨ ਕਬੂਲ ਕਰ ਕੇ ਸੁਰਖ਼ਰੂ ਹ ਜਾਉ, ਨਹੀਂ ਤਾਂ ਕਤਲ ਹੋਣ ਲਈ ਤਿਆਰ ਹੋਵੋ।" ਭਾਈ ਸਾਹਿਬ ਨੇ ਗੱਲ ਨੂੰ ਬਿਲੇ ਲਾਉਣ ਲਈ ਕਿਹਾ–"ਖ਼ਾਨ ਬਹਾਦਰ ! ਤੂੰ ਤੇ ਤੈਥੋਂ ਪਹਿਲਾਂ ਤੇਰਾ ਬਾਪ ਦਲੇਰ-ਇ-ਜੰਗ, ਉਸ ਤੋਂ ਪਹਿਲਾਂ ਸੂਬੇਦਾਰ ਅਸਲਮ ਖ਼ਾਨ, ਦਿਲੀ ਦਾ ਬਾਦਸ਼ਾਹ ਬਹਾਦਰ ਸ਼ਾਹ, ਉਸਦੇ ਪੁਤ, ਫਰੁਖਸੀਯਰ, ਮੌਜੂਦਾ ਬਾਦਸ਼ਾਹ ਮੁਹੰਮਦ ਸ਼ਾਹ, ਇਹ ਸਾਰੇ ਡਰਾਵਿਆਂ ਲਾਲਚਾਂ ਦਾ ਜ਼ੋਰ ਲਾ ਥੱਕੇ ਹੋ, ਅੱਗੇ ਕਦੇ ਕਿਸੇ ਸਿਖ ਨੇ ਜਾਨ ਬਚਾਉਣ ਬਦਲੇ ਆਪਣਾ ਧਰਮ ਤਿਆਗ ਕੇ ਦੀਨ ਕਬੂਲਿਆ ਹੈ ? ਜੇ ਨਹੀਂ ਤਾਂ ਮੇਰੇ ਉਤੇ ਇਹ ਬੇ-ਮਾਅਨੀ ਸਵਾਲ ਕਰਨ ਦਾ ਕੀ ਲਾਭ ? ਸਿਖ, ਧਰਮ ਤਿਆਗ ਕੇ ਜੀਊਣਾ ਲਾਅਨਤ ਸਮਝਦਾ ਹੈ। ਤੁਸੀਂ ਜੋ ਮਨ ਆਵੇ ਆਪਣੀ ਰੀਝ ਪੂਰੀ ਕਰੋ, ਮੈਂ ਹਰ ਤਰ੍ਹਾਂ ਤਿਆਰ ਹਾਂ।"

ਦਰਬਾਰ ਵਿਚ ਪਾਸ ਬੈਠੇ ਕਾਜ਼ੀ ਤੋਂ ਪੁਛਿਆ ਕਿ ਇਸ ਦੇ ਜੁਰਮ ਦੀ ਸ਼ਰਾਅ ਵਿਚ ਕੀ ਸਜ਼ਾ ਹੈ ? ਉਸ ਨੇ ਕਿਹਾ ਕਿ "ਇਸ ਨੇ ਸਰਕਾਰ ਦਾ ਠੇਕਾ ਨਹੀਂ ਤਾਰਿਆ, ਦਰਬਾਰ ਵਿਚ ਆ ਕੇ ਹਾਕਿਮ ਨੂੰ ਸਲਾਮ ਨਹੀਂ ਕੀਤੀ, ਸਗੋਂ ਕੁਫ਼ਰ ਦਾ ਕਲਮਾ ਬੋਲਿਆ ਹੈ। ਇਸ ਤੋਂ ਇਲਾਵਾ ਇਹ ਸਿੱਖਾਂ ਦਾ ਕਾਜ਼ੀ ਹੈ। ਸਿੰਘਾਂ ਨੂੰ ਇਸਲਾਮ ਦਾ ਮੁਕਾਬਲਾ ਕਰਨ ਲਈ ਉਪਦੇਸ਼ ਦੇ ਕੇ ਉਭਾਰਦਾ ਹੈ। ਇਸਲਾਮ ਦਾ ਵਾਧਾ ਰੁਕਦਾ ਹੈ। ਸ਼ਰਾਅ ਦਾ ਹੁਕਮ ਹੈ ਕਿ ਐਜੇ ਇਸਲਾਮ-ਦੋਖੀ ਦੇ ਬੰਦ ਬੰਦ ਕਟ ਕੇ ਮਰਵਾਇਆ ਜਾਵੇ।"

ਇਸ ਗੱਲ ਦਾ ਜਦ ਲਾਹੌਰ ਦੇ ਸਿੱਖਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਝਟ ੫ ਹਜ਼ਾਰ ਰੁਪਏ ਇਕੱਠੇ ਕਰ ਕੇ ਦੇਣ ਲਈ ਭਾਈ ਸਾਹਿਬ ਦੀ ਆਗਿਆ ਮੰਗੀ। ਤਾਂ ਉਨ੍ਹਾਂ ਨੇ ਸਾਫ ਇਨਕਾਰ ਕਰ ਦਿਤਾ। ਕਿਹਾ ਕਿ ਅੱਜ ਤੁਸੀਂ ਛੁਡਾ ਲਵੋਗੇ ਤਾਂ ਕਲ੍ਹ ਨੂੰ ਕਿਸੇ ਹੋਰ ਬਹਾਨੇ ਫੜ ਕੇ ਮਾਰ ਦੇਣਗੇ। ਇਨ੍ਹਾਂ ਦੀ ਨਿਯਤ ਫਿਟ ਗਈ ਹੈ। ਇਨ੍ਹਾਂ ਦੇ ਪਾਪ ਦਾ ਬੇੜਾ ਭਰ ਕੇ ਡੁਬਣਾ ਹੈ। ਇਹ ਮੇਰੇ ਸਰੀਰ ਨੂੰ ਕਟਣਾ ਚਾਹੁੰਦੇ ਹਨ, ਸੌ ਵਾਰ ਕਟਣ, ਮੇਰੀ ਆਤਮਾ ਨੂੰ ਨਹੀਂ ਮਾਰ ਸਕਦੇ। ਰੱਬ ਦੇ ਰਾਹੇ ਸੱਚ ਤੇ ਪਹਿਰਾ ਦੇਂਦਿਆਂ ਜੇ ਇਹ ਵਿਨਾਸ਼ ਹੋਣ ਵਾਲੀ ਦੇਹ ਲੇਖੇ ਲੱਗ


www.AKJ.Org

ਜਾਵੇ ਤਾਂ ਇਸ ਤੋਂ ਵੱਡੀ ਖੁਸ਼ਕਿਸਮਤੀ ਹੋਰ ਕੀ ਹੋ ਸਕਦੀ ਹੈ। ਸਗੋਂ ਤੁਸੀਂ ਅਰਦਾਸ ਕਰੋ ਤੇ ਮੈਨੂੰ ਹੌਸਲਾ ਦਿਉ ਕਿ ਮੇਰਾ ਮਨ ਅਡੋਲ ਰਹੇ, ਮੈਨੂੰ ਦੇਹ-ਪੀੜਾ ਨਾ ਵਿਆਪੇ। ਇਹ ਸੁਣ ਕੇ ਸਭ ਸਤਿਗੁਰੂ ਦੇ ਸ਼ੁਕਰਾਨੇ ਵਿਚ ਵਾਹ ਵਾਹ ਕਰ ਉਠੇ ਤੇ ਬੜੇ ਹੌਸਲੇ ਵਿਚ ਹੋ ਗਏ। ਹੁਣ ਜੱਲਾਦ ਨੂੰ ਤੀਜਾ ਹੁਕਮ ਪਹੁੰਚ ਚੁਕਿਆ ਸੀ ਕਿ ਉਹ ਭਾਈ ਸਾਹਿਬ ਨੂੰ ਦਿਤੇ ਫਤਵੇ ਅਨੁਸਾਰ ਕਤਲ ਕਰ ਦੇਵੇ। ਭਾਈ ਮਨੀ ਸਿੰਘ ਜੀ ਲੋਕਾਂ ਨੂੰ ਗੱਜ ਕੇ ਫਤਹ ਬੁਲਾ ਆਪ ਹੀ ਜੱਲਾਦ ਦੇ ਅੱਡੇ ਉਤੇ ਜਾ ਬੈਠੇ। ਇਹ ਖੂਨੀ ਕਾਰਾ ਨਿਖਾਸ ਚੌਕ ਵਿਚ ਕੀਤਾ ਗਿਆ।[੪] ਜੱਲਾਦ ਭਾਈ ਸਾਹਿਬ ਦਾ ਹੱਥ ਲੱਕੜ ਦੇ ਅੱਡੇ ਉਤੇ ਰਖ ਕੇ ਗੁੱਟ ਤੇ ਆਪਣੀ ਤਲਵਾਰ ਮਾਰਨ ਲੱਗਾ ਤਾਂ ਭਾਈ ਸਾਹਿਬ ਨੇ ਉਸ ਨੂੰ ਇਸ ਕਾਹਲੀ ਤੋਂ ਰੋਕਦਿਆਂ ਹੋਇਆਂ ਕਿਹਾ, "ਆਪਣੇ ਮਾਲਿਕ ਦੇ ਹੁਕਮ ਦੀ ਸਹੀ ਤਾਅਮੀਲ ਕਰੋ। ਤੈਨੂੰ ਮੇਰੇ ਬੰਦ ਬੰਦ ਕਟਣ ਦਾ ਹੁਕਮ ਹੋਇਆ ਹੈ। ਧਿਆਨ ਨਾਲ ਵੇਖ, ਗੁਟ ਤੋਂ ਅੱਗੇ ਹੱਥ ਦੀਆਂ ਉਂਗਲਾਂ ਹਨ ਤੇ ਹਰ ਉਂਗਲ ਦੇ ਤਿੰਨ ਤਿੰਨ ਜੋੜ ਹਨ। ਮਾਲਿਕ ਦੀ ਆਗਿਆ ਅਨੁਸਾਰ ਤੂੰ ਇਕ ਇਕ ਜੋੜ ਵਖ ਵਖ ਕਰਨਾ ਹੈ। ਆਪਣੇ ਹੁਕਮ ਨੂੰ ਪੂਰਾ ਕਰ।" ਮੌਤ ਦਾ ਅਜਬ ਤਮਾਸ਼ਾ ਹੈ! ਨਿਰਾਲੀ ਸ਼ਹੀਦੀ ਹੈ! ਸ਼ਹੀਦ ਹੋਣ ਵਾਲਾ ਧਰਮੀ ਸੰਤ ਸ਼ਾਂਤ-ਚਿਤ ਬੈਠਾ ਹੋਇਆ ਜੱਲਾਦ ਨੂੰ ਦਸ ਦਸ ਕੇ ਆਪਣੇ ਜੋੜ ਜੋੜ ਕਟਵਾ ਰਿਹਾ ਹੈ। ਉਸ ਦੀ ਸਮਾਧੀ ਇੰਜ ਲੱਗੀ ਹੋਈ ਹੈ ਮਾਨੋ ਉਸ ਦੇ ਬੰਦ ਬੰਦ ਕੱਟੇ ਜਾਣ ਨਾਲ ਉਸ ਦਾ ਸੰਬੰਧ ਹੀ ਕੋਈ ਨਹੀਂ ਹੈ। ਉਂਗਲਾਂ ਦੇ ਜੋੜ, ਹੱਥ ਗੁਟ ਬਾਹਾਂ ਆਦਿ ਕੱਟ ਕੱਟ ਡਿਗ ਰਹੇ ਹਨ। ਖੂਨ ਦੇ ਫੁਵਾਰੇ ਛੁੱਟ ਰਹੇ ਹਨ। ਧਰਤੀ ਲਾਲੋ ਲਾਲ ਹੋ ਗਈ ਹੈ। ਇਹ ਨਿਰਦਈ ਕਾਰਾ ਵੇਖ ਕੇ ਜੁੜੀ ਖ਼ਲਕਤ ਦਾ ਹਰ ਦਰਦੀ ਦਿਲ ਤੜਫ ਉਠਿਆ, ਕੁਰਲਾ ਉਠਿਆ। ਆਖ਼ਰੀ ਵਾਰ ਇਸ ਧਰਮਬੀਰ ਦੀ ਧੌਣ ਉਤੇ ਹੋਇਆ। ਸਿਰ ਧੜ ਨਾਲੋਂ ਵਖ ਹੋ ਗਿਆ। ਥੱਰਾਜ ਸਿੰਘ ਤੇ ਲਾਹੌਰ ਵਾਸੀ ਸਿੱਖਾਂ ਨੇ ਭਾਈ ਸਾਹਿਬ ਦੀ ਟੋਟੇ ਟੋਟੇ ਹੋਈ ਦੇਹ ਨੂੰ ਇਕੱਠਾ ਕਰ ਕੇ ਇਸ਼ਨਾਨ ਕਰਵਾ ਕੇ ਕਿਲ੍ਹੇ ਦੇ ਚੜ੍ਹਦੇ ਦਰਵਾਜਿਓਂ ਬਾਹਰ ਸਸਕਾਰ ਕੀਤਾ। ਜਿਸ ਦਿਨ ਭਾਈ ਸਾਹਿਬ ਦੀ ਸ਼ਹਾਦਤ ਹੋਈ, ਉਹ ਮਘਰ ਸੁਦੀ ਪੰਜ ੧੭੯੫ ਬਿਕ੍ਰਮੀ (੧੭੩੮ ਈ:) ਦਾ ਦਿਨ ਸੀ[੫]।

## ਸਿੰਘਾਂ ਵਿਚ ਰੋਹ—

ਇਹ ਸ਼ਹੀਦੀ ਸਿੰਘਾਂ ਦੇ ਸੀਨੇ ਸੱਲ ਗਈ। ਦਿਲਾਂ ਅੰਦਰ ਬੜਾ ਰੋਹ ਪੈਦਾ ਹੋ ਗਿਆ। ਹਰ ਸਿਖ ਦੇ ਦਿਲ ਵਿਚ ਭਾਈ ਸਾਹਿਬ ਵਾਸਤੇ ਅਥਾਹ ਪਿਆਰ ਤੇ ਬੇਓੜਕੀ ਸ਼ਰਧਾ ਸੀ। ਦਿਲਾਂ ਵਿਚ ਦੱਬੀ ਅੱਗ ਭੜਕ ਉਠੀ। ਸਮਝੋ ਝਲ ਨੂੰ ਅੱਗ ਲੱਗ ਗਈ।

## ਭਾਈ ਸਾਹਿਬ ਦੇ ਕਾਤਲਾਂ ਨੂੰ ਸੋਧਣਾ—

ਇਸ ਸਾਰੇ ਖੂਨੀ ਨਾਟਕ ਦਾ ਜ਼ਿਮੇਵਾਰ ਕਾਜ਼ੀ ਅਬਦੁਲ ਰਜ਼ਾਕ ਖ਼ਾਨ ਸੀ। ਮੇਲੇ ਦਾ ਵਹਿਦਾ ਕਰ ਕੇ ਫ਼ੌਜ ਸਦਵਾ ਉਸ ਨੂੰ ਨਾ ਲਗਣ ਦੇਣ ਵਿਚ ਵੀ ਉਸ ਦਾ ਹੀ ਹੱਥ ਸੀ। ਭਾਈ ਸਾਹਿਬ ਦੀ ਗ੍ਰਿਫਤਾਰੀ ਵੇਲੇ ਲਖਪਤ ਦੇ ਨਾਲ ਸੀ। ਬੰਦ ਬੰਦ ਕਟਣ ਦੀ ਸਜ਼ਾ ਉਸ ਨੇ ਆਪਣੀ ਨਿਗਰਾਨੀ ਵਿਚ ਭੁਗਤਾਈ ਸੀ। ਕੁਝ ਸਮਾਂ ਪਾ ਕੇ ਜਦ ਸਿੰਘਾਂ ਦਾ ਜ਼ੋਰ ਪੈ ਗਿਆ ਤਾਂ ਸਿੰਘਾਂ ਨੇ ਉਸ ਦਾ ਜੱਦੀ ਪਿੰਡ ਅਲੀ ਗੜ੍ਹ (ਜ਼ਿਲਾ ਗੁਜਰਾਂਵਾਲਾ—ਪਾਕਿਸਤਾਨ) ਨੂੰ ਉਜਾੜ ਕੇ ਉਸ ਦਾ ਨਾਂ ਅਕਾਲਗੜ੍ਹ[੬] ਰਖਿਆ। ਕਾਜ਼ੀ ਅਬਦੁਲ ਰਜ਼ਾਕ ਨੂੰ ਭਾਈ ਮਨੀ ਸਿੰਘ ਦੇ ਭਤੀਜੇ ਸ: ਅਘੜ ਸਿੰਘ ਨੇ ਫੜ ਕੇ ਉਸੇ ਤਰ੍ਹਾਂ ਹੀ ਬੋਟੀ ਬੋਟੀ ਕੀਤਾ।

ਫਤਵਾ ਦੇਣ ਵਾਲਾ ਕਾਜ਼ੀ ਵੀ ਸਿੰਘਾਂ ਨੂੰ ਬਹੁਤ ਰੜਕਦਾ ਸੀ। ਇਸ ਦਾ ਘਰ ਮੁਜੰਗਾਂ ਵਿਖੇ ਲਾਹੌਰ ਸ਼ਹਿਰ ਵਿਚ ਸੀ। ਥਰਾਜ ਸਿੰਘ ਨੇ ਇਸ ਦੇ ਘਰ ਜਾ ਕੇ ਇਸ ਦੀ ਕੁਟੰਬ ਸਮੇਤ ਅਲਖ ਮੁਕਾਈ। ਲਖਪਤ ਤੇ ਜ਼ਕਰੀਆ ਖਾਨ ਤੇ ਵੀ ਸਿੰਘਾਂ ਦੀ ਅੱਖ ਸੀ। ਜ਼ਕਰੀਆ ਖਾਨ ਤਾਂ ਸਿੰਘਾਂ ਦੇ ਪੰਜੇ ਚਿ ਨਾ ਆਇਆ, ਪਰ ਭਾਈ ਸਾਹਿਬ ਦੀ ਸ਼ਹਾਦਤ ਤੋਂ ੧੩-੧੪ ਸਾਲ ਪਿਛੋਂ ਲਖਪਤ ਸਿੰਘਾਂ ਦੇ ਅੜਿੱਕੇ ਆ ਗਿਆ। ਬੁਰੀ ਤਰ੍ਹਾਂ ਜ਼ਲੀਲ ਕਰ ਕੇ ਤੇ ਤਰਸਾ ਤਰਸਾ ਉਸ ਨੂੰ ਮਾਰਿਆ ਗਿਆ।



www.AKJ.Org

**ਸਮੁੰਦ ਖਾਨ ਤੋਂ ਸੁਖ ਸਾਂਦ ਪੁਛੀ–**

ਜ਼ਕਰੀਆ ਖਾਨ ਦੀ ਗਸ਼ਤੀ ਫੌਜ ਦਾ ਇਹ ਉਘਾ ਅਫਸਰ ਬੜਾ ਚਾਂਭਲਿਆ ਹੋਇਆ ਤੇ ਸਿੰਘਾਂ ਮਗਰ ਬੜਾ ਹੱਥ ਧੋ ਕੇ ਪਿਆ ਹੋਇਆ ਸੀ। ਇਹ ਗਸ਼ਤੀ ਦੌਰੇ ਤੇ ਰਾਵੀਓਂ ਪਾਰ, ਲਾਹੌਰ ਨੂੰ ਸਾਹਮਣਾ, ਪਿੰਡ ਮਾਣਕ ਵਿਖੇ ਡੇਰਾ ਲਾਈ ਬੈਠਾ ਸੀ। ਨੀਲਾ ਹਰਨ ਪੈ ਗਿਆ ਸ਼ੇਰ ਦੀ ਨਿਗਾਹ। ਨਵਾਬ ਕਪੂਰ ਸਿੰਘ ਨੂੰ ਸ਼ਿਕਾਰ ਦੀ ਸੂਹ ਮਿਲ ਗਈ। ਨਵਾਬ ਸਾਹਿਬ ਆਪਣਾ ਜਥਾ ਲੈ ਕੇ ਉਸ ਉਤੇ ਜਾ ਪਿਆ। ਥੋੜੀ ਦੇਰ ਦੀ ਲੜਾਈ ਵਿਚ ਸਮੁੰਦ ਖਾਨ ਜ਼ਖਮੀ ਹੋ ਕੇ ਫੜਿਆ ਗਿਆ। ਸਿੰਘਾਂ ਨੇ ਘੋੜਿਆਂ ਮਗਰ ਪਾ ਘਸੀਟ ਕੇ ਮਾਰਿਆ। **[ਚਲਦਾ]**

## ਹਵਾਲੇ ਤੇ ਫੁਟ ਨੋਟ

੧. ਬਾਹਰਲਿਆਂ ਧਾੜਵੀਆਂ ਦੇ ਹਮਲਿਆਂ ਸਮੇਂ ਪਿੰਡ ਦੀ ਬੜੀ ਤਬਾਹੀ ਹੋਇਆ ਕਰਦੀ ਸੀ। ਅੱਜ ਵੀ ਅਨੇਕਾਂ ਪੁਰਾਣੇ ਥੇਹ ਮਿਲਦੇ ਹਨ, ਜੋ ਕਿਸੇ ਨਾ ਕਿਸੇ ਬਾਹਰਲੇ ਹਮਲੇ ਵੇਲੇ ਘੁੱਗ ਵਸਦੇ ਰਸਦੇ ਪੁਰਾਣੇ ਪਿੰਡ ਹੀ ਸਨ। ਪਿੰਡ ਕੋਂਬੋਵਾਲ ਨਾਦਰ ਦੇ ਹਮਲੇ ਵੇਲੇ ਤਬਾਹ ਹੋ ਕੇ ਥੇਹ ਹੋ ਗਿਆ ਸੀ। ਇਥੋਂ ਦੇ ਕੁਝ ਬਚੇ ਖੁਚੇ ਆਦਮੀ ਆਪਣੇ ਟੱਬਰਾਂ ਨੂੰ ਲੈ ਕੇ ਪਿੰਡ ਲੌਂਗੋਵਾਲ ਜਾ ਵਸੇ ਸਨ। ਕੋਂਬੋਵਾਲ ਦਾ ਥੇਹ ਅੱਜ ਵੀ ਮੌਜੂਦ ਹੈ।

੨. ਸਰਹੰਦ ਦਾ ਗਵਰਨਰ ਨਵਾਬ ਜ਼ੈਨ ਖਾਨ ਸਿੱਖਾਂ ਦਾ ਕੱਟੜ ਵੈਰੀ ਸੀ। ਵੱਡੇ ਘਲੂਘਾਰੇ ਸਮੇਂ ਉਹ ਤੇ ਉਸ ਦਾਂ ਦੀਵਾਨ ਲਛਮੀ ਨਾਰਾਇਣ ਬੜੀ ਤਕੜੀ ਫੌਜ ਲੈ ਕੇ ਅਹਿਮਦ ਸ਼ਾਹ ਦੀ ਸਹਾਇਤਾ ਨੂੰ ਆਇਆ ਸੀ। ਸਿੱਖਾਂ ਨੂੰ ਮਾਰ ਖਪਾਉਣ ਲਈ ਉਹ ਹਮੇਸ਼ਾ ਮੋਹਰਲਿਆਂ ਵਿਚ ਰਿਹਾ। ਸਿਖ ਵੀ ਉਸ ਨੂੰ ਹਿਕ ਦਾ ਫੋੜਾ ਸਮਝਦੇ ਸਨ। ਇਹ ਆਪਣੇ ਇਲਾਕੇ ਦੀ ਉਗਾਹੀ ਤੇ ਲੁਟ-ਮਾਰ ਲਈ ਸਰਹੰਦੋਂ ਬਾਹਰ ਪਿੰਡਾਂ ਵਿਚ ਨਿਕਲਿਆ ਹੋਇਆ ਸੀ ਤੇ ਸਿੰਘਾਂ ਇਸ ਨੂੰ ਸਰਹੰਦੋਂ ਬਾਹਰ ਹੀ ਮਨਹੇੜੇ ਪਿੰਡ ਲਾਗੇ ਘੇਰ ਲਿਆ। ੧੪ ਜਨਵਰੀ ੧੭੬੪ ਈ: ਦੀ ਤੜਕ ਸਵੇਰ ਵੇਲੇ ਦਾਅ ਬਚਾ ਕੇ ਸ਼ਹਿਰ ਵਲ ਵਧਦਾ ਹੋਇਆ ਨਵਾਬ ਕਪੂਰ ਸਿੰਘ ਵਲੋਂ ਰੋੜੀ ਬਾਹੋ ਵੱਲ ਅੜਿਕੇ ਆ ਗਿਆ। ਗੋਲੀ ਖਾ ਕੇ ਹਾਥੀਓਂ ਥਲੇ ਡਿਗ ਪਿਆ। ਪਠਾਣ "ਬਰ ਕੁਨ, ਬਰ ਕੁਨ" (ਚੁਕ ਲਵੋ, ਚੁਕ ਲਵੋ) ਕਰ ਰਹੇ ਸਨ ਕਿ ਸਿੰਘ ਵੀ ਮਸ਼ਾਲਾਂ ਲੈ ਕੇ ਅਪੜ ਗਏ। ਥੱਰਾਜ ਸਿੰਘ ਨੇ ਜਾਂਦਿਆਂ ਹੀ ਇਸ ਦਾ ਸਿਰ ਵੱਢ ਲਿਆ ਤੇ ਨਵਾਬ ਕਪੂਰ ਸਿੰਘ ਦੇ ਅੱਗੇ ਲਿਆ ਰਖਿਆ।

ਇਸ ਘਟਨਾ ਦਾ ਵਿਸਥਾਰ ਨਾਲ ਜ਼ਿਕਰ ਵੱਡੇ ਘਲੂਘਾਰੇ ਵਿਚ ਕੀਤਾ ਗਿਆ ਹੈ।

੩. ਪੰਥ ਪ੍ਰਕਾਸ਼–ਪੰਨਾ ੫੬੩.

੪. ਲਾਹੌਰ ਦੇ ਸ਼ਾਹੀ ਕਿਲ੍ਹੇ ਦਾ ਚੜ੍ਹਦੇ ਪਾਸੇ ਦਾ ਦਰਵਾਜ਼ਾ, ਜੋ ਸ਼ਹਿਰ ਵੱਲ ਖੁਲ੍ਹਦਾ ਹੈ, ਉਸ ਤੋਂ ਅਗਲੇ ਚੌਕ ਦਾ ਨਾਂ ਨਿਖਾਸ ਚੌਕ ਹੈ ਤੇ ਇਸ ਤੋਂ ਅੱਗੇ ਨਿਖਾਸ ਵਾਲੀ ਥਾਂ ਸੀ। ਨਿਖਾਸ ਉਸ ਜਗ੍ਹਾ ਨੂੰ ਕਹਿੰਦੇ ਹਨ ਜਿਥੇ ਘੋੜੇ ਤੇ ਹੋਰ ਪਸ਼ੂਆਂ ਦੀ ਖ਼ਰੀਦੋ ਫ਼ਰੋਖ਼ਤ ਹੁੰਦੀ ਹੈ। ਲੌਂਡੀ ਗੁਲਾਮ ਵੀ ਇਥੇ ਵਿਕਿਆ ਕਰਦੇ ਸਨ। ਇਸ ਲਾਹੌਰ ਵਾਲੇ ਨਿਖ਼ਾਸ ਦੀ ਜਗ੍ਹਾ ਤੇ ਹੁਣ ਕਾਫ਼ੀ ਅਦਲਾ ਬਦਲੀ ਹੋ ਗਈ ਹੈ, ਇਮਾਰਤਾਂ ਬਣ ਗਈਆਂ ਹਨ, ਪਰ ਚੌਕ ਤੇ ਜਗ੍ਹਾ ਅਜੇ ਵੀ ਨਿਖਾਸ ਚੌਕ ਤੇ ਨਿਖਾਸ ਕਰਕੇ ਹੀ ਜਾਣੇ ਜਾਂਦੇ ਹਨ। ਕਿਲ੍ਹਿਓਂ ਚੜ੍ਹਦੇ ਪਾਸੇ, ਏਧਰ ਹੀ ਜਿਥੇ ਪੁਰਾਣੀ ਮਸੀਤ ਹੈ, ਭਾਈ ਸਾਹਿਬ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ।

੫. ਗਿ: ਗਿਆਨ ਸਿੰਘ, ਸ਼ਮਸ਼ੇਰ ਖਾਲਸਾ (ਗੁਰਮੁਖੀ)–੧੯੬੨ ਵਾਲੀ ਛਾਪ, ਸਫ਼ਾ ੭੪

੬. ਇਹ ਪਿੰਡ ਗੁਜਰਾਂਵਾਲਾ ਦੇ ਜ਼ਿਲੇ (ਪਾਕਿਸਤਾਨ) ਵਿਚ ਹੈ ਤੇ ਅੱਜ ਵੀ ਇਸ ਦਾ ਨਾਂ ਅਕਾਲ ਗੜ੍ਹ ਹੀ ਹੈ।


www.AKJ.Org

# ਬੀਬਾ ਸਿੱਖ ਬੱਚਾ

[ਭਾਈ ਪਰਮਜੀਤ ਸਿੰਘ ਜੀ, ਆਈ. ਟੀ. ਆਈ, ਜਲੰਧਰ]

1. ਬੀਬਾ ਸਿੱਖ ਬੱਚਾ ਅੰਮ੍ਰਿਤ ਵੇਲੇ ਉਠਦਾ ਹੈ।
2. ਪਰਵਾਰ ਦੇ ਸਾਰੇ ਮੈਂਬਰਾਂ ਨੂੰ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਬੁਲਾਂਦਾ ਹੈ।
3. ਦਾਤਣ ਕਰਨ ਉਪਰੰਤ ਇਸ਼ਨਾਨ ਕਰਦਾ ਹੈ।
4. ਇਸ਼ਨਾਨ ਕਰ ਕੇ ਕੇਸਾਂ ਨੂੰ ਕੰਘਾ ਕਰਦਾ ਹੈ।
5. ਫਿਰ ਦਸਤਾਰ ਸਜਾਂਦਾ ਹੈ।
6. ਦਸਤਾਰ ਸਜਾ ਕੇ ਗੁਰਬਾਣੀ ਦਾ ਪਾਠ ਕਰਦਾ ਹੈ।
7. ਫਿਰ ਗੁਰਦੁਆਰੇ ਜਾ ਕੇ ਅਦਬ ਨਾਲ ਮੱਥਾ ਟੇਕ ਕੇ ਕੀਰਤਨ ਸੁਣਦਾ ਹੈ।
8. ਘਰ ਆ ਕੇ ਨਾਸ਼ਤਾ ਕਰ ਕੇ ਸਕੂਲ ਜਾਂਦਾ ਹੈ।
9. ਸਕੂਲ ਦੀ ਪੜ੍ਹਾਈ ਦਿਲ ਲਾ ਕੇ ਕਰਦਾ ਹੈ।
10. ਕਦੀ ਕਿਸੇ ਨਾਲ ਲੜਦਾ ਨਹੀਂ, ਕਿਸੇ ਨੂੰ ਗਾਲ੍ਹਾਂ ਨਹੀਂ ਕਢਦਾ।
11. ਹਰ ਕਿਸੇ ਨਾਲ ਮਿੱਠਾ ਬੋਲਦਾ ਹੈ।
12. ਸਦਾ ਸੱਚ ਬੋਲਦਾ ਹੈ, ਕਦੀ ਝੂਠ ਨਹੀਂ ਬੋਲਦਾ।
13. ਸਕੂਲ ਤੋਂ ਸਿੱਧਾ ਵਾਪਸ ਘਰ ਆਉਂਦਾ ਹੈ।
14. ਖੇਡਾਂ ਵਿਚ ਵੀ ਸਭ ਤੋਂ ਚੰਗਾ ਖਿਡਾਰੀ ਹੈ।
15. ਹਰ ਰੋਜ਼ ਗੁਰਬਾਣੀ ਦਾ ਪਾਠ ਤੇ ਸ਼ਬਦ ਯਾਦ ਕਰਦਾ ਹੈ।
16. ਕਦੇ ਨੰਗੇ ਸਿਰ ਨਹੀਂ ਰਹਿੰਦਾ। ਹਰ ਸਮੇਂ ਕੇਸਾਂ ਦਾ ਸਤਿਕਾਰ ਕਰਦਾ ਹੈ।
17. ਸ਼ਾਮ ਨੂੰ ਰਹਰਾਸਿ ਸਾਹਿਬ ਦਾ ਪਾਠ ਸਾਰੇ ਪਰਵਾਰ ਨਾਲ ਮਿਲ ਕੇ ਕਰਦਾ ਹੈ। ਸੌਣ ਸਮੇਂ ਸੋਹਿਲੇ ਦੀ ਬਾਣੀ ਪੜ੍ਹ ਕੇ ਸੌਂਦਾ ਹੈ।
18. ਕਦੇ ਵੀ ਕਿਸੇ ਸਮਾਧ ਨੂੰ ਮੱਥਾ ਨਹੀਂ ਟੇਕਦਾ। ਹਰ ਸਮੇਂ ਵਾਹਿਗੁਰੂ ਨੂੰ ਅੰਗ ਸੰਗ ਸਮਝਦਾ ਹੈ।
19. ਮਾਤਾ ਪਿਤਾ ਬੀਬੇ ਬੱਚੇ ਨੂੰ ਪਿਆਰ ਕਰਦੇ ਹਨ।
20. ਅਜਿਹੇ ਬੀਬੇ ਬੱਚੇ 'ਤੇ ਗੁਰੂ ਜੀ ਵੀ ਪ੍ਰਸੰਨ ਹੁੰਦੇ ਹਨ।
21. ਅਸੀਂ ਵੀ ਇਹੋ ਜਿਹੇ ਬੀਬੇ ਬੱਚੇ ਬਣਨਾ ਹੈ।

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | ੧-੫੦ |
| ਕੇਸਕੀ [ਦਸਤਾਰ] | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੨-੦੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੨-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੧-੦੦ |
| ਤਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰਮਤਿ ਅਨਹਦ ਸ਼ਬਦ ,, | ੧-੦੦ |
| BAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| Dawn of Divine wisdom | 1-50 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਛਤੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | ੧-੦੦ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲਾ ਬਾਰੇ ਵਿਚਾਰ [ਉਘੇ ਵਿਦਵਾਨ] | ੧-੫੦ |


www.AKJ.Org

# ਸਫਲ ਸੇਵਾ ਭਾਈ ਕਨੱਈਆ ਜੀ

[ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਗੁੜਗਾਉਂ]

ਵਾਹਵਾ ਨੇ ਮੈਦਾਨਿ ਜੰਗ ਦੇ ਨਜ਼ਾਰੇ, ਸਿੰਘਾਂ ਦੇ ਜੈਕਾਰੇ ਤੇ ਵਜਦੇ ਨਗਾਰੇ ।
ਕਿਤੇ ਖ਼ਾਲਸਾ ਫੌਜਾਂ ਕੀਤੇ ਤਿਆਰੇ, ਸੁਣੀਂਦੇ ਕਿਤੇ 'ਅਲ੍ਹਾ ਅਕਬਰ' ਦੇ ਨਾਅਰੇ ।
ਦੋਹਾਂ ਪਾਸਿਓਂ ਸੂਰਮੇ ਆਏ ਭਾਰੇ, ਉਹ ਸੰਗ੍ਰਾਮ ਮਚਿਆ ਕਿ ਟੁੱਟੇ ਨੇ ਤਾਰੇ ।
ਕਿਸੇ ਨੇ ਲਗਾਈ ਏ ਬਰਛੀ ਕਿਸੇ ਨੂੰ, ਕੋਈ ਧਰ ਤੇ ਡਿੱਗਾ ਤੇ 'ਹਾਏ' ਪੁਕਾਰੇ ।
ਕਿਸੇ ਦੇ ਜਿਗਰ ਵਿਚ ਲਗੀ ਤੇਗ ਐਸੀ, ਕਿ ਚਲਦੇ ਪਏ ਨੇ ਲਹੂ ਦੇ ਫੁਹਾਰੇ ।
ਕੋਈ ਢਾਲ ਪਕੜੇ ਤੇ ਤੇਗਾ ਉਲਾਰੇ, ਕੋਈ ਸਿਰ ਨੂੰ ਤੱਕੇ ਤੇ ਤਲਵਾਰ ਮਾਰੇ ।
ਕਿਸੇ ਬਾਣ ਖਿਚ ਕੇ ਹੈ ਲਾਇਆ ਨਿਸ਼ਾਨਾ, ਕੋਈ ਤੀਰ ਖਾ ਕੇ ਤੇ ਵਧਦਾ ਆਗਾਰੇ ।
ਕੋਈ ਤੜਫਦਾ ਤੇ ਲੈਂਦਾ ਏ ਸਿਸਕੀ, ਦਿਓ ਪਾਣੀ ਪਾਣੀ, ਕੋਈ 'ਵਾਜ ਮਾਰੇ ।
ਧਰਤੀ ਨੇ ਬਾਣਾ ਹੈ ਸੂਹਾ ਸਜਾਇਆ, ਨੇ ਅੰਬਰ ਰੰਗਾਏ ਫਬਾਏ ਨੇ ਸਾਰੇ ।
ਕੋਈ ਆਈ ਵਹੁਟੀ ਜਿਵੇਂ ਸਜ-ਵਿਆਹੀ, ਦੁਪੱਟਾ ਲਿਆ ਲਾਲ ਸਿਰ ਤੇ ਸਜਾਰੇ ।

ਔਹ ਤੱਕੋ ਜ਼ਰਾ ਤੱਤੇ ਰਣ ਦਾ ਨਜ਼ਾਰਾ, ਕਿਸੇ ਨੇ ਮਸ਼ਕ ਵੇਖੋ ਮੋਢੇ ਤੇ ਚਾਈ ।
ਉਹ ਮੂੰਹ ਵਿਚ ਹੈ ਕੁੱਝ ਕੁਝ ਗੁਣਗੁਣਾਂਦਾ, ਤੇ ਚਿਹਰੇ ਤੇ ਵਸਦਾ ਏ ਨੂਰ ਇਲਾਹੀ ।
ਤੜਫਦੇ ਸਿਸਕਦੇ ਹੋਏ ਜ਼ਖ਼ਮੀਆਂ ਨੂੰ, ਬਿਨਾ ਵਿਤਕਰੇ ਜਾਂਦਾ ਪਾਣੀ ਪਿਲਾਈ ।
ਨ ਵੇਖੇ ਇਹ ਸਿਖ ਹੈ ਕਿ ਸਿੱਖਾਂ ਦਾ ਵੈਰੀ, ਨ ਵੇਖੇ ਹੈ ਮੁਸਲਮ ਕਿ ਹੈ ਇਹ ਈਸਾਈ ।
ਪੀ ਪੀ ਕੇ ਪਾਣੀ ਪਏ ਯੋਧੇ ਉਠੀਂਦੇ, ਉਹ ਸੌਂਦੇ ਨੇ ਕਰ ਕੇ ਨਵੇਂ ਸਿਰ ਤਬਾਹੀ ।
ਉਹ ਬੈਠੇ ਨੇ ਦਸਮੇਸ਼ ਦਰਬਾਰ ਲਾ ਕੇ, ਕਿਹਾ ਆ ਕੇ ਸਿੱਖਾਂ ਨੇ ਸਤਿਗੁਰ ਪਿਆਰੇ !
ਇਹ ਸਿਖ ਹੈ ਜੋ ਫ਼ੌਜਾਂ 'ਚ ਪਾਣੀ ਪਿਲਾਂਦਾ, ਮਸ਼ਕ ਮੋਢੇ ਚੁੱਕੀ ਤੇ ਫਿਰਦਾ ਏ ਸਾਰੇ ।
ਇਹ ਦੁਸ਼ਮਣ ਅਸਾਡੇ ਨੂੰ ਪਾਣੀ ਪਿਲਾਵੇ, ਉਠੇ ਉਹ ਵੈਰੀ ਤੇ ਸਾਨੂੰ ਹੀ ਮਾਰੇ ।
ਸ਼ਹਿਨਸ਼ਾਹ ! ਕਿਉਂ ਸੱਪ ਬੁੱਕਲ ਦਾ ਪਾਲੋ, ਨਹੀਂ ਲੋੜ ਸਾਨੂੰ ਇਹ ਸੇਵਾ ਸੰਭਾਰੇ ।
ਇਹ ਸ਼ਤਰੂ ਹੈ ਸਾਡਾ ਕਿ ਸਾਡਾ ਸਹਾਈ, ਜੜ੍ਹਾਂ ਸਾਡੀਆਂ ਨੂੰ ਜੋ ਕਟ ਕਟ ਕੇ ਡਾਰੇ ।
ਸ਼ਹਿਨਸ਼ਾਹ ਕਿਹਾ ਉਸਨੂੰ ਛੇਤੀ ਬੁਲਾਵੋ, ਮੈਂ ਪੁਛਾਂਗਾ ਖੁੱਲ੍ਹਣਗੇ ਤਾਂ ਭੇਦ ਸਾਰੇ ।
ਔਹ ਆਇਐ ਬ੍ਰਹਮ ਗਿਆਨੀ ਭਾ: ਕਨੱਈਆ, ਚਮਕਦੇ ਨੇ ਮੁਖ 'ਤੇ ਨੂਰੀ ਲਿਸ਼ਕਾਰੇ ।
ਖੜਾ ਹੈ ਹਜ਼ੂਰੀ 'ਚ ਹੱਥ ਜੋੜ ਕੇ ਤੇ, ਗੁਰਾਂ ਵਾਕ ਏਦਾਂ ਨੇ ਮੁਖ ਤੋਂ ਉਚਾਰੇ :
ਕਿਉਂ, ਕੀ ਗੱਲ ਏ ਓ ਭਾਈ ਕਨੱਈਆ ! ਕਰਦੇ ਸ਼ਿਕਾਇਤ ਨੇ ਸਿਖ ਤੇਰੀ ਸਾਰੇ ।
ਤੂੰ ਫ਼ੌਜਾਂ 'ਚ ਦੁਸ਼ਮਣ ਨੂੰ ਪਾਣੀ ਪਿਲਾਵੇਂ, ਉਠੀਵੇ ਉਹ ਵੈਰੀ ਤੇ ਸਿੱਖਾਂ ਨੂੰ ਮਾਰੇ ।

ਕਨੱਈਏ ਕਿਹਾ ਮੇਰੇ ਗੁਰਦੇਵ ਪਿਆਰੇ ! ਕਰਾਂ ਬੇਨਤੀ ਮੈਂ ਖਿਮਾ ਦਾਨ ਚਾਹਵਾਂ ।
ਮੇਰੇ ਸਿਰ ਦੇ ਸਾਈਂ ਐ ਚੋਜੀ ਪ੍ਰੀਤਮ, ਤੇਰੇ ਨੂਰੀ ਚਰਨਾਂ ਤੋਂ ਕੁਰਬਾਨ ਜਾਵਾਂ ।
ਮੈਨੂੰ ਤੇ ਦਿਸਦਾ ਨਹੀਂ ਗ਼ੈਰ ਕੋਈ, ਮੈਂ ਜਿਸ ਪਾਸੇ ਤੱਕਾਂ ਤੈਨੂੰ ਹੀ ਪਾਵਾਂ ।
ਤੂੰ ਹੀ 'ਵਾਜ ਮਾਰੇਂ, ਤੂੰ ਹੀ ਪਾਣੀ ਮੰਗੇਂ, ਤੂੰ ਹੀ ਬੁਕ ਅਡੇਂ, ਮੈਂ ਪਾਣੀ ਪਿਲਾਵਾਂ ।

ਦਸਮੇਸ਼ ਪ੍ਰੀਤਮ ਕਿਹਾ ਕੰਠ ਲਾ ਕੇ, ਧੰਨ ਹੈਂ ਤੂੰ ਗੁਰਸਿੱਖਾ, ਮੇਰੇ ਪਿਆਰੇ ।
ਸੇਵਾ ਤੇਰੀ ਹੋਈ ਸਫਲੀ ਹੈ ਜਗ ਵਿਚ, ਤੇਰੀ ਘਾਲ ਬੇੜੀ ਹੈ ਲੱਗੀ ਕਿਨਾਰੇ ।
ਇਹ ਲੈ ਡੱਬੀ ਮਲ੍ਹਮ ਦੀ ਰਖ ਕੋਲ ਆਪਣੇ, ਤੇ ਲਾਂਦਾ ਜਾ ਫੱਟਾਂ ਤੇ ਪਾਣੀ ਪਿਆ ਕੇ ।
ਜਗਦਾ ਰਹੇਂਗਾ ਤੂੰ ਜਗ ਵਿਚ ਕਨੱਈਆ, ਸਦਾ ਜੋਤ ਸੇਵਾ ਦੀ 'ਮਿੱਤਰ' ਜਗਾ ਕੇ । 

# ਦੂਜਿਆਂ ਦੀਆਂ ਨਜ਼ਰਾਂ ਵਿਚ ਖਾਲਸਾ [੪]

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੈਂਟ, ਸੈਕਟਰ 14, ਰੋਹਣੀ, ਦਿਲੀ 85]

ਸੰਨ ਇਕਾਸੀ ਉਨੀ ਸੌ ਨਵੰਬਰ ਇੱਕੀ।
ਦਿਨ ਚੜ੍ਹਿਆ ਚਮਕ ਪਈ ਸੂਰਜ ਦੀ ਟਿੱਕੀ।
ਅੰਗਰੇਜ਼ੀ ਫੌਜ ਦਾ ਕਰਨਲ ਇਕ ਬੜਾ ਸਜੀਲਾ।
ਚੇਹਰੇ ਭਖਦੀਆਂ ਲਾਲੀਆਂ ਤੇ ਜੁੱਸਾ ਗਠੀਲਾ।
'ਲਾਈਨਜ਼ ਫ਼ਰਜ਼ੰਦੋਂ' ਨਾਮ ਸੀ ਸੈਰਾਂ ਤੇ ਚੜ੍ਹਿਆ।
ਸਿੱਧਾ ਉਠ ਇੰਗਲੈਂਡ ਤੋਂ ਦਿਲੀ ਆ ਵੜਿਆ।
ਨਿੰਮ੍ਹੀ ਨਿੰਮ੍ਹੀ ਚਲ ਰਹੀ ਸੀ 'ਵਾ ਪਿਆਰੀ।
ਮਿੱਠੀ ਮਿੱਠੀ ਅਖੀਆਂ 'ਚ ਆਏ ਖੁਮਾਰੀ।
ਧੂਹ ਅਗੰਮੀ ਉਸ ਅੰਦਰ ਪਈ ਖਿਚਾਂ ਪਾਵੇ।
ਝੂਣ ਝੂਣ ਕੇ ਸੁਰਤੀ ਉਸਦੀ ਉਚਿਆਵੇ।
ਤਾਂਘ ਗੁਰੂ ਦਰਬਾਰ ਦੇ ਦਰਸ਼ਨ ਦੀ ਭਾਰੀ।
ਮਨਿ ਮਘਾਣੀ ਉਸਦੇ ਕੋਈ ਸ਼ੌਕ-ਚਿੰਗਾਰੀ।
ਅੰਮ੍ਰਿਤਸਰ ਨੂੰ ਤੁਰ ਪਿਆ ਉਹ ਫਿਰ ਫਿਰਾ ਕੇ।
ਰਾਤੀ ਵੇਲੇ ਬਹਿ ਗਿਆ ਗਡੀ ਵਿਚ ਜਾ ਕੇ।
ਗਡੀ ਚਲਦਿਆਂ ਨਾਲ ਹੀ ਹਲਕੀ ਜਹੀ ਸਰਦੀ।
ਬਰਫੋਂ ਠੰਡੀ ਕਰ ਗਈ ਸਭ ਉਸਦੀ ਵਰਦੀ।
ਕਪੜਾ ਉਪਰ ਲੈਣ ਨੂੰ ਸੀ ਕੋਲ ਨ ਕੋਈ।
ਸਾਮ੍ਹਣੀ ਬਾਰੀ ਸੀਟ ਦੀ ਉਠ ਉਸ ਨੇ ਢੋਈ।
ਨਾਲ ਹੀ ਉਸਦੀ ਸੀਟ ਦੇ ਇਕ ਗੁਰੂ ਪਿਆਰਾ।
ਰਿਸ਼ਟ ਪੁਸ਼ਟ ਸਰੀਰ ਸੀ ਕੋਲ ਕੰਬਲ ਭਾਰਾ।
ਲਾਹ ਕੇ ਆਪਣੇ ਉਪਰੋਂ ਉਸ ਵਲ ਵਧਾਇਆ।
ਸ਼ੁਕਰੀਆ ਕਹਿ ਅੰਗਰੇਜ਼ ਨੇ ਵਾਪਸ ਪਰਤਾਇਆ।
ਸੌਂ ਗਿਆ ਗੂੜ੍ਹੀ ਨੀਂਦਰੇ, ਨਾ ਪਰਤਿਆ ਪਾਸਾ।
ਲਾਲ ਗੁਰੂ ਦੇ ਕਰ ਕੇ ਫਿਰ ਉਦਮ ਖਾਸਾ।
ਕੰਬਲ ਲਾਹ ਕੇ ਆਪਣਾ ਉਸ ਉਤੇ ਪਾਇਆ।
ਪਾਂਧੇ ਸੁਤੇ ਘੂਕ ਦਾ ਇਉਂ ਸਫਰ ਮੁਕਾਇਆ।
ਤਕ ਸਵੇਰੇ ਆਪਣੇ 'ਤੇ ਕੰਬਲ ਭਾਰੀ।
ਕੋਲ ਬੈਠੇ ਸਰਦਾਰ ਵਲ ਉਸ ਝਾਤੀ ਮਾਰੀ।
ਝੁਕ ਗਈਆਂ ਨਜ਼ਰਾਂ ਉਸ ਦੀਆਂ ਥੋੜਾ ਮੁਸਕਾ ਕੇ।
ਕੀਤਾ ਸ਼ੁਕਰੀਆ ਉਸਦਾ ਫਿਰ ਇਉਂ ਸੁਣਾ ਕੇ:
ਨਾਨਕ ਗੁਰੂ ਦੇ ਸਿਖ ਜੀ, ਕੁਰਬਾਨ ਤੁਹਾਡੇ।
ਸੇਵਾ ਰਤੇ ਮਨ ਹਨ ਬਲਵਾਨ ਤੁਹਾਡੇ।
ਧੰਨ ਤੁਹਾਡਾ ਗੁਰੂ ਹੈ, ਜਿਸ ਰਾਹ ਵਿਖਾਇਆ।
ਜੀਉਣਾ ਜੀਉਣ ਉਪਕਾਰ ਦਾ ਤੁਹਾਨੂੰ ਸਮਝਾਇਆ।

ਪੁਜਿਆ ਅੰਤ ਦਰਬਾਰ ਸਾਹਿਬ ਉਹ ਗੁਣਗੁਣਾਂਦਾ।
ਦਰਸ਼ਨ ਕਰ ਕੇ ਚਮਕਿਆ ਚੇਹਰਾ ਮੁਸਕਾਂਦਾ।
ਪਰਕਰਮਾਂ ਉਸਦੇ ਨਾਲ ਹੀ ਪਰਬੰਧਕਾਂ ਕਰ ਕੇ,
ਦਸੇ ਸਿਖ ਇਤਿਹਾਸ ਦੇ ਸੁਨਹਿਰੀ ਵਰਕੇ।
ਲੂੰ ਲੂੰ ਖਿੜਿਆ ਉਸਦਾ ਦਰਬਾਰ 'ਚ ਆ ਕੇ।
ਟੇਕ ਕੇ ਮਥਾ ਬਹਿ ਗਿਆ ਸੰਗਤਾਂ ਵਿਚ ਜਾ ਕੇ।
ਕੀਰਤਨ ਸੁਣ ਅਨੰਦ ਹੋਆ ਚਿਹਰਾ ਮੁਸਕਾਇਆ।
ਉਠ ਕੇ ਨਾਲ ਪ੍ਰਬੰਧਕਾਂ ਲੰਗਰ 'ਚ ਆਇਆ।
ਛਕਿਆ ਨਾਲ ਸਤਿਕਾਰ ਦੇ ਉਸਨੇ ਪਰਸ਼ਾਦਾ।
ਤਨੋਂ ਮਨੋਂ ਖੁਸ਼ ਸੀ ਫਰਜ਼ੰਦੋ ਡਾਢਾ।
ਆਰਾਮ ਕਰਨ ਲਈ ਬਿਸਤਰਾ ਤੇ ਕਮਰਾ ਮਿਲਿਆ।
ਪਾ ਕੇ ਸੁਖ ਆਰਾਮ ਉਹ ਫੁਲਾਂ ਵਾਂਗ ਖਿਲਿਆ।
ਸ਼ੁਕਰ ਸ਼ੁਕਰ ਸ਼ੁਕਰਾਨਿਆਂ 'ਚ ਬੈਠਾ ਬੋਲੇ।
ਸਦਕੇ ਮੈਂ ਕੁਰਬਾਨ ਹਾਂ ਸਿਖਾਂ ਤੋਂ ਘੋਲੇ।
ਹੋਇਆ ਚਿਤ ਪ੍ਰਸੰਨ ਹੈ ਅੰਮ੍ਰਿਤਸਰ ਆ ਕੇ।
ਭਗਤੀ ਅਤੇ ਸ਼ਕਤੀ ਦੇ ਦਰਸ਼ਨ ਪਾ ਕੇ।
ਉਚੀ ਇਨ੍ਹਾਂ ਦੀ ਸ਼ਾਨ ਹੈ ਵਿਚ ਦੁਨੀਆ ਸਾਰੀ।
ਆਪਾ ਆਪਣਾ ਵਾਰਨੇ ਦੀ ਹਿੰਮਤ ਭਾਰੀ।
ਹਰਿਮੰਦਰ ਦੀ ਹਰ ਨੁਕਰ ਤੇ ਸਭ ਚੌਗਿਰਦਾ,
ਰਾਹ ਸੁਹਾਵਣਾ ਦਸਦੀ ਹੈ ਰੱਬ ਦੇ ਘਰ ਦਾ।
ਸਾਰੀ ਦੁਨੀਆ ਵਾਸਤੇ ਬਿਨ ਵਿਤਕਰ ਚਾਰੇ,
ਖੁਲ੍ਹੇ ਰਹਿੰਦੇ ਹਰ ਵਕਤ, ਹਨ ਇਸਦੇ ਦੁਆਰੇ।
ਵਾਯੂ ਮੰਡਲ ਇਸਦਾ ਹੈ ਬੜਾ ਸਰੂਰੀ।
ਪਹੁ-ਫੁਟਲੇ ਦਾ ਸਮਾਂ ਮਿੱਠਾ ਤੇ ਨੂਰੀ।
ਸੁਤੀ ਹੋਈ ਆਤਮਾ ਉਠ ਉਠ ਕੇ ਬੋਲੇ।
ਸਦਕੇ ਵਾਰੀ ਸਾਜਨਾ, ਸਦਕੇ ਮੈਂ ਘੋਲੇ।
ਵਰਨਣ ਹੋਵੇ ਮੂਲ ਨਾ ਤੇਰੀ ਵਡਿਆਈ।
ਬਖਸ਼ੀ ਸਿੱਖਾਂ ਨੂੰ ਇੰਨੀ ਤੂ ਹੈ ਰੁਸ਼ਨਾਈ।
ਸੇਵਾ ਸਿਮਰਨ ਵਿਚ ਲਗੇ ਹਨ ਹਰਦਮ ਗਾਂਦੇ।
ਬਖਸ਼ੀਂ ਬਖਸ਼ਣਹਾਰਿਆ, ਤੇਰੀ ਬਖਸ਼ਸ਼ ਚਾਹਦੇ।
ਧੰਨ ਧੰਨ ਕਲਗੀ ਵਾਲਿਆ, ਤੂੰ ਕਰਮ ਕਮਾਇਆ।
ਬੜਾ ਵਚਿਤਰ ਖਾਲਸਾ ਜੱਗ ਵਿਚ ਰੁਸ਼ਨਾਇਆ।
ਕਾਇਮ ਦੁਨੀਆ ਤੇ ਰਹੁਣ ਸਦਾ ਇਸਦੀਆਂ ਸ਼ਾਨਾਂ।
ਚਮਕਣ 'ਨੀਰ' ਚੰਦ ਵਾਂਗ ਉਚੇ ਅਸਮਾਨਾਂ।

www.AKJ.Org

# ਤੇਰਾ ਹੀ ਦਾਸਰਾ ਹਾਂ

[ਸ: ਸੁਰਜੀਤ ਸਿੰਘ ਸਾਜਨ, ਲੁਧਿਆਣਾ]

ਆਸ ਲੈ ਕੇ ਆਇਆ ਹਾਂ ਬਖਸ਼ੰਦਗੀ ਦੀ, ਤੇਰੇ ਦਰ ਤੇ ਮੈਂ ਬਖਸ਼ਣਹਾਰ ਦਾਤਾ!
ਰੋਮ ਰੋਮ ਮੇਰਾ ਗੁਨਾਹਾਂ ਦੇ ਨਾਲ ਭਰਿਆ, ਬੜਾ ਵੱਡਾ ਹਾਂ ਮੈਂ ਗੁਨਾਹਗਾਰ ਦਾਤਾ!
ਨਵੇਂ ਸਿਰੇ ਤੋਂ ਸਿਰਜ ਦੇਹ ਲੇਖ ਮੇਰੇ, ਇਸ ਦੁਖੀਏ ਦੀ ਸੁਣ ਲੈ ਪੁਕਾਰ ਦਾਤਾ!
ਤੇਰੇ ਦਰ ਤੋਂ ਬਿਨਾਂ ਕੋਈ ਆਸਰਾ ਨਹੀਂ, ਤੇਰੇ ਦਰ ਦੀ ਹੈ ਮਹਿਮਾ ਅਪਾਰ ਦਾਤਾ!

ਰਹਿਮਤ ਕਰ ਦੇਹ ਰਹਿਮ ਦੇ ਘਰ ਆ ਕੇ, ਰਹਿਮ ਭਰੀ ਰਹਿਨੁਮਾਈ ਦੀ ਲੋੜ ਮੈਨੂੰ।
ਮੈਂ ਕੋਈ ਹੀਰੇ ਜਵਾਹਰ ਨਹੀਂ ਲੋੜਦਾ ਹਾਂ, ਤੇਰੀ ਸੱਚੜੀ ਅਗਵਾਈ ਦੀ ਲੋੜ ਮੈਨੂੰ।

ਮਸਤ ਕਰ ਦਿਓ ਨਾਮ-ਖੁਮਾਰੀਆਂ ਨਾਲ, ਨਾਮ ਸਰੋਵਰ 'ਚੋਂ ਅੰਮ੍ਰਿਤ ਪਿਲਾਈ ਜਾਵੋ।
ਅਨਹਦ ਨਾਦ ਦੀ ਧੁਨ ਗੂੰਜੇ ਸਦਾ, ਸ਼ਬਦ-ਰਸ ਇਨ੍ਹਾਂ ਕੰਨਾਂ ਚਿ ਪਾਈ ਜਾਵੋ।
ਮੁੜ ਕੇ ਭਟਕੇ ਨਾ ਮਨ ਹਨੇਰਿਆਂ ਵਿਚ, ਸੱਚ-ਸ਼ਬਦ ਦੀ ਜੋਤਿ ਜਗਾਈ ਜਾਵੋ।
ਨੇੜੇ ਰਹਿ ਇਸ ਨਾਚੀਜ਼ ਨੂੰ ਨਾਲ ਰੱਖੋ, ਦੂਈ ਦਵੈਤ ਵਾਲਾ ਭਰਮ ਮਿਟਾਈ ਜਾਵੋ।

ਮਨ ਮਾਰਨਾ, ਬੜੀ ਔਖੀ ਕਾਰ ਹੈ ਇਹ, ਜੇ ਰਹਿਮ ਕਰੋ ਤਾਂ ਕਾਬੂ ਕਰ ਸਕਦਾ ਹਾਂ।
ਰਾਜ ਭਾਗ ਤੇ ਮੁਕਤ ਦੀ ਲੋੜ ਕੋਈ ਨਹੀਂ ਤੇਰੇ ਦੀਦ ਨਾਲ ਝੋਲੀ ਭਰ ਸਕਦਾ ਹਾਂ।

ਰੱਬ ਰਜਾਇ ਵਿਚ ਰਹਿਣ ਦੀ ਜਾਚ ਦੱਸੋ, ਮਨ ਦੀ ਤਖ਼ਤੀ ਤੇ ਸ਼ਬਦ ਇਹ ਲਿਖ ਲਵਾਂ ਮੈਂ।
ਕਿਵੇਂ ਪੰਜ ਵਿਕਾਰਾਂ ਨੂੰ ਮਾਰਨਾ ਹੈ, ਅੱਥਰੇ ਮਨ ਨੂੰ ਸੋਧਣਾ ਸਿੱਖ ਲਵਾਂ ਮੈਂ।
ਲਾਲ ਰੰਗ ਵਿਚ ਰੰਗ ਲਵਾਂ ਆਤਮਾ ਨੂੰ, ਜਿੱਥੋਂ ਮਿਲੇ, ਨਾਮ ਦੀ ਭਿੱਖ ਲਵਾਂ ਮੈਂ।
ਗੰਦੇ ਤਨ ਤੋਂ ਚੀਥੜੇ ਦਲਿਦਰ ਦੇ ਲਾਹ, ਸਾਬਤ ਸੂਰਤ ਮਨੁੱਖ ਦੀ ਦਿੱਖ ਲਵਾਂ ਮੈਂ।

ਸਾਰੇ ਦਰ ਦਰਵਾਜ਼ੇ ਨੂੰ ਛੱਡ ਕੇ ਤੇ, ਇੱਕੋ ਤੇਰੇ ਦਰ ਦਾ ਹੀ ਆਸਰਾ ਹੈ।
ਇਸ ਗਰੀਬ ਨੂੰ ਸਾਜਨਾ ਗਲੇ ਲਾ ਲਓ, ਇਹ ਹੁਣ ਤੇਰਾ ਬੱਸ, ਤੇਰਾ ਹੀ ਦਾਸਰਾ ਹੈ।

# ਰੁਬਾਈਆਂ

[ਤੇਗ ਬਹਾਦਰ ਸਿੰਘ 'ਤੇਗ']

ਥੋੜੇ ਬੰਦੇ ਜੋ ਸ਼ੁਕਰ ਰੱਬ ਦਾ ਕਰਦੇ ਨੇ।
ਥੋੜੇ ਬੰਦੇ ਜੋ ਕਿਸੇ ਖ਼ਾਤਰ ਮਰਦੇ ਨੇ।
ਮੈਂ ਆਖਾਂ ਦੁਨੀਆ ਸਾਰੀ ਮਤਲਬ ਦੀ 'ਤੇਗ';
ਥੋੜੇ ਬੰਦੇ ਹੀ ਜਾਨ ਤਲੀ 'ਤੇ ਧਰਦੇ ਨੇ।

ਨਾਮ ਬਾਣੀ ਦਾ ਚੱਲੇ ਲੰਗਰ, ਜਿਹੜਾ ਮਰਜ਼ੀ ਖਾਵੇ।
ਨਾਨਕ ਦਾ ਦਰ ਸਦਾ ਹੀ ਖੁੱਲ੍ਹਾ, ਜਿਹੜਾ ਮਰਜ਼ੀ ਆਵੇ।
ਪਿਉ ਦਾਦੇ ਦਾ ਖੁਲ੍ਹਾ ਖ਼ਜ਼ਾਨਾ, ਲੁੱਟੋ ਮੌਜਾਂ ਮਾਣੋ;
ਹੀਰੇ ਮੋਤੀ ਚੁਗਣ ਹੰਸਲੇ, 'ਤੇ ਕਾਗ ਚੁੰਝ ਨਾ ਲਾਵੇ।



www.AKJ.Org

# ਹਮ ਭੂਲਹ ਤੁਮ ਸਦਾ ਅਭੂਲਾ

ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ ॥
ਜੋ ਤਉ ਬਚਨੁ ਦੀਓ ਮੇਰੇ ਸਤਿਗੁਰ ਤਉ ਮੈ ਸਾਜਿ ਸੀਗਰੀਆ ॥੧॥ਰਹਾਉ॥

ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ ॥
ਹਮ ਨੀਚੁ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ ॥੧॥

ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤਰੀਆ ॥
ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ ਤਉ ਮੇਰੀ ਸੂਖਿ ਸੇਜਰੀਆ ॥੨॥੨੨॥੪੫॥

[ਸਾਰਗ ਮਹਲਾ ੫, ਪੰਨਾ ੧੨੧੩

## 'ਸੂਰਾ' ਪੱਤਰ ਵਿਚ ਛਪ ਰਹੀਆਂ ਗ਼ਲਤੀਆਂ

੧: 'ਸੂਰਾ' ਜਨਵਰੀ ੯੩ ਮੁਖ ਟਾਈਟਲ ਤੇ "ਸਚ ਪਰਮੇਸਰੁ ਨਿਤ ਨਵਾ । ਗੁਰ ਕਿਰਪਾ ਤੇ ਨਿਤ ਚਵਾ" ਤੁਕਾਂ ਵਿਚ 'ਨਵਾ' ਅਤੇ 'ਚਵਾ' ਉਪਰ ਬਿੰਦੀਆਂ ਗ਼ਲਤੀ ਨਾਲ ਲਗੀਆਂ ਹਨ । ਡੀਜ਼ਾਇਨ ਬਣਨ ਲਗਿਆਂ ਤੁਕਾਂ ਨੂੰ ਪੋਥੀ ਨਾਲ ਸੌਧਣ ਵਿਚ ਅਨਗਹਿਲੀ ਹੋਈ ਹੈ ਜੀ ।

੨. ਪ੍ਰੈਸ ਦੀ ਕਾਹਲੀ ਨਾਲ ਕਈ ਗਲਤੀਆਂ ਹੁੰਦੀਆਂ ਹਨ, ਜਿਹਾ ਕਿ ਫ਼ਰਵਰੀ ੯੩ ਦੇ ਪੰਨਾ ੨੬ ਹੇਠੋਂ ੮ਵੀਂ ਸਤਰ 'ਸੁਣਨ ਤੋਂ ਵੀ ਸੰਕੋਚ ਕਰਦਾ' ਵਿਚ 'ਸੰਕੋਚ' ਸ਼ਬਦ ਹੀ ਨਹੀਂ ਅਤੇ ਇਸੇ ਸਫੇ ਦੀ ੧੨ਵੀਂ ਸਤਰ ਵਿਚ 'ਸੁਧਾਰਾਤਮਕ' ਦੀ ਥਾਂ 'ਸੁਧਾਗਤਮਕ' ਛਪਿਆ ਹੈ ।

੩. ਫਿਰ ਮਜਬੂਰੀ ਇਹ ਹੈ ਕਿ ਫੌਂਡਰੀ ਦਾ ਟਾਈਪ ਮਾੜਾ ਹੋਣ ਕਰਕੇ ਕਈ ਲਗਾਂ ਮਾਤ੍ਰਾਂ ਛਪਣ ਵਿਚ ਦਿਸਦੀਆਂ ਹੀ ਨਹੀਂ, ਜਿਸ ਕਰਕੇ ਕਈ ਪਾਠ ਸਮਝੇ ਨਹੀਂ ਜਾ ਸਕਦੇ । ਇਨ੍ਹਾਂ ਸਭਨਾਂ ਦਾ ਸੁਧਾਰ ਕੀਤਾ ਜਾ ਰਿਹਾ ਹੈ ਜੀ !

## ਮਾਤਾ ਗੁਜਰੀ ਬਿਰਧ ਘਰ ਦੀ ਸਥਾਪਨਾ

ਉਪਰੋਕਤ ਸਥਾਪੇ ਜਾ ਰਹੇ ਬਿਰਧ ਘਰ ਦੀ ਇਮਾਰਤ ਦਾ ਨੀਂਹ-ਪੱਥਰ ੩੦-੧-੯੩ ਨੂੰ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਜੀ ਦੀ ਅਗਵਾਈ ਵਿਚ ਪੰਜਾਂ ਪਿਆਰਿਆਂ ਹੱਥੀਂ ਗਿਲ ਫ਼ਾਰਮ, ਖ਼ਾਨਪੁਰ ਖਰੜ (ਰੋਪੜ) ਵਿਖੇ ਰਖਿਆ ਗਿਆ । ਸਤਿਗੁਰੂ 'ਨਿਸ਼ਕਾਮ ਸਿਖ ਵੈਲਫ਼ੇਅਰ ਕੌਂਸਲ ਦਿਲੀ' ਦੇ ਸੇਵਕਾਂ ਨੂੰ ਸਹੀ ਅਰਥਾਂ ਵਿਚ ਲੋੜਵੰਦਿਆਂ ਦੀ ਸੇਵਾ ਕਰਨ ਦਾ ਬਲ ਬਖਸ਼ਣ ।

---

## ਕੀਰਤਨੀ ਬੱਚਿਆਂ ਦੀ ਸਾਲਾਨਾ ਯਾਦ ਵਿਚ ਸਮਾਗਮ, ੧੯੯੫-ਅਜੀਤ ਨਗਰ ਅੰਮ੍ਰਿਤਸਰ ਵਿਖੇ

੧ ਤੋਂ ੩ ਅਪਰੈਲ ਸ੍ਰੀ ਅਖੰਡਪਾਠ ਅਤੇ ੪ ਅਪਰੈਲ ਐਤਵਾਰ ਸਵੇਰੇ ਅਖੰਡ ਕੀਰਤਨ ੬ ਤੋਂ ੧੨ ਤਕ

---

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਜੇਲ੍ਹ ਚਿੱਠੀਆਂ | ੩੫-੦੦ | ਗੁਰਮਤਿ ਸੱਚ ਨਿਰਣੇ | ੧੫-੦੦ |
| ਰੰਗਲੇ ਸੱਜਣ | ੨੦-੦੦ | ਅਣਡਿਠੀ ਦੁਨੀਆ | ੧੯-੦੦ |
| ਗੁਰਮਤਿ ਗੌਰਵਤਾ | ੩੨-੦੦ | ਸਚਖੰਡ ਦਰਸ਼ਨ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਕਥਾ ਕੀਰਤਨ | ੧੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕੀ ਹੈ | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਅੰਮ੍ਰਿਤ ਕਲਾ ੧-੫੦ ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਅਗਿਆਨ ਤੋਂ ਉਜਿਆਰਾ | ੧-੦੦ |

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਜਗੀਰ ਸਿੰਘ ਲੁਧਿਆਣਾ | ੫੦-੦੦ | ਭਾਈ ਜਗਜੀਵਨ ਸਿੰਘ ਫਤਿਹ ਮਾਜਰੀ | ੧੦੦-੦੦ |
| ਸ: ਸਵਰਨ ਸਿੰਘ ਲੁਧਿਆਣਾ | ੫੦-੦੦ | ਬੀਬੀ ਹਰਨਾਮ ਕੌਰ ਪਟਿਆਲਾ | ੫੦੦-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ | ਗੁਪਤ ਸੇਵਾ | ੧੦੦੦੦-੦੦ |
| ਗੁਪਤ ਸੇਵਾ ੨੦-੦੦ ਗੁਪਤ ਸੇਵਾ | ੫੦੦-੦੦ | ਬੀਬੀ ਗੁਰਵਿੰਦਰ ਕੌਰ ਪਟਿਆਲਾ | ੫੦੦-੦੦ |
| ਸ: ਸੰਤੋਖ ਸਿੰਘ ਮਿਸੀ ਸੁਗਾ ਕਨੇਡਾ | ੮੪੮੦-੦੦ | ਸ: ਅਮਰਜੀਤ ਸਿੰਘ ਲੁਧਿਆਣਾ | ੫੦੦-੦੦ |
| ਸ: ਦਰਸ਼ਨ ਸਿੰਘ ਮੁਲੀਆਂਵਾਲ | ੫੦-੦੦ | ਬੀਬੀ ਮਹਿੰਦਰ ਕੌਰ ਲੁਧਿਆਣਾ | ੩੦੦-੦੦ |
| ਐਸ ਐਸ ਹੰਸਪਾਲ | ੫-੦੦ | ਸ: ਸਵਰਨ ਸਿੰਘ ਲੁਧਿਆਣਾ | ੫੦-੦੦ |
| ਐਚ ਐਸ ਸਚਦੇਵਾ ਚੰਡੀਗੜ੍ਹ | ੧੦੧-੦੦ | ਸ: ਮੋਹਣ ਸਿੰਘ ਗਿਲ ਲੁਧਿਆਣਾ | ੨੦-੦੦ |
| ਬੀਬੀ ਨਰਿੰਦਰ ਕੌਰ ਲੁਧਿਆਣਾ | ੫੦ ੦੦ | ਸ: ਮੁਖਤਾਰ ਸਿੰਘ ਬ੍ਰਿਸਟਲ ਯੂ ਕੇ. | ੨੭੩੫-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੩੦੦-੦੦ | ਅਖੰਡ ਕੀਰਤਨੀ ਜਥਾ ਨਾਰਵੇ | ੧੯੭੮-੦੦ |
| ਸ: ਪ੍ਰਿਤਪਾਲ ਸਿੰਘ ਨਵੀਂ ਦਿਲੀ | ੨੪੦-੦੦ | ਬੀ: ਜਸਬੀਰ ਕੌਰ ਬੱਗਾ ਪੁਲ ਸੁਧਾਰ | ੧੦੦-੦੦ |
| ਸ: ਪ੍ਰਦੁੰਮਨ ਸਿੰਘ ਜਲੰਧਰ (ਗੋਲਕ ਫੰਡ) | ੨੦੦-੦੦ | ਸ: ਬਲਬੀਰ ਸਿੰਘ ਗਿਲ ਡਰਬੀ ਯੂ. ਕੇ. | ੬੯੭-੬੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਭਾ: ਸੁਰਜੀਤ ਸਿੰਘ ਖੰਦੋਈ—ਪੁਲਸ ਤਸ਼ੱਦਦ ਕਾਰਨ ਸਰੀਰ ਨਕਾਰਾ, ਇਲਾਜ ਲਈ | ੫੦੦੦-੦੦ |
| ਬੀ ਮਹਿੰਦਰ ਕੌਰ ਮਾਤਾ ਸ਼ਹੀਦ ਰਣਜੀਤ ਸਿੰਘ ਤੁਸਿੱਕਾ—ਪੁਤਰ ਸ਼ਹੀਦ, ਘਰੇਲੂ ਲੋੜਾਂ | ੪੨੦੦-੦੦ |
| ਬੀ.ਗੁਰਦੀਪਕੌਰ ਮਾਤਾ ਸ਼ਹੀਦ ਗੁਰਮੀਤਸਿੰਘ ਅੰਮ੍ਰਿਤਸਰ—ਇਕ ਪੁਤਰ ਸ਼ਹੀਦ,ਦੂਜਾ ਐਕਸੀਡੈਂਟ ਨਾਲ ਨਕਾਰਾ, | ੫੦੦੦-੦੦ |
| ਬੀ: ਸੁਖਜੀਤ ਕੌਰ ਪਤਨੀ ਭਾ: ਬਲਬੀਰ ਸਿੰਘ ਦੁਬੁਰਜੀ—ਪਤੀ ਜੇਲ੍ਹ ਵਿਚ, ਘਰੇਲੂ ਲੋੜਾਂ | ੫੦੦੦-੦੦ |
| ਬੀ: ਮਹਿੰਦਰ ਕੌਰ ਮਾਤਾ ਸ਼ਹੀਦ ਸਰਬਜੀਤ ਸਿੰਘ ਚਾਚੋਵਾਲੀ—ਪੁੱਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਸੁਰਜੀਤ ਕੌਰ ਪਤਨੀ ਸ਼ਹੀਦ ਛਜੂ ਸਿੰਘ ਦੋਦੜਾ—ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ, ਘਰੇਲੂ ਲੋੜਾਂ | ੫੦੦੦-੦੦ |
| ਭਾ: ਬਲਵਿੰਦਰ ਸਿੰਘ ਸੇਵਾਦਾਰ ਪਿੰਡ ਬੁਢਾ ਥੇਹ—ਬੱਚੇ ਨੂੰ ਅੱਖ ਦਾ ਕੈਂਸਰ, ਇਲਾਜ ਲਈ | ੫੦੦੦-੦੦ |
| ਬੀ: ਬਲਵਿੰਦਰ ਕੌਰ ਪਤਨੀ ਭਾ: ਹਰਿੰਦਰਪਾਲ ਸਿੰਘ ਬਟਾਲਾ—ਪਤੀ ਪੁਲਸ ਤਸ਼ੱਦਦ ਕਾਰਨ ਨਕਾਰਾ | ੫੦੦੦-੦੦ |
| ਬੀ: ਸੁਖਵਿੰਦਰ ਕੌਰ ਪਤਨੀ ਭਾ: ਸੁਲੱਖਣ ਸਿੰਘ ਕਾਦੀਆਂ—ਪਤੀ ਪੁਲਸ ਤਸ਼ੱਦਦ ਕਾਰਨ ਨਕਾਰਾ | ੧੦੦੦੦-੦੦ |
| ਸਰਦਾਰਨੀ ਅਮਰ ਕੌਰ ਮਦਰਾਸੀ ਪਰਵਾਰ (ਸਹਾਇਤਾ ਮਹੀਨਾ ਜਨਵਰੀ ਫਰਵਰ ੧੯੯੩) | ੨੦੦-੦੦ |

## ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਸੇਵਾਦਾਰ ਗੁਰਦਵਾਰਾ ਸੋਜਾਤੀ ਗੇਟ ਜੋਧਪੁਰ | ੧੦੦-੦੦ | ਸ: ਚਾਨਣ ਸਿੰਘ ਆਜ਼ਾਦ ਬਰਿਸਟਲ ਦੀ ਅੰਤਮ ਯਾਦ ਵਿਚ ਪ੍ਰਵਾਰ ਵਲੋਂ | ੪੨੫੦-੦੦ |
| ਸ: ਕਰਨੈਲ ਸਿੰਘ ਸਵਿਟਜ਼ਰ ਲੈਂਡ (ਬਚੀ ਦੇ ਅਨੰਦ ਸਮੇਂ) | ੨੫੦-੦੦ | ਸ: ਤਰਲੋਕ ਸਿੰਘ ਲੁਧਿਆਣਾ | ੫੦-੦੦ |
| ਪ੍ਰਵਾਰ ਭਾ. ਤਰਲੋਕ ਸਿੰਘ ਜੋਧਪੁਰ (ਅੰਤਮ ਯਾਦ ਵਿਚ) | ੫੦੧-੦੦ | ਗੁਪਤ ਦਾਨ | ੨੦੦-੦੦ |
| | | ਭਾ: ਸੰਤੋਖ ਸਿੰਘ ਮਿੱਸੀ ਸੋਗਾ | ੧੧੪੦-੦੦ |
| ਗੁਪਤ ਦਾਨ | ੨੧੧-੦੦ | ਸ. ਗੋਪਾਲ ਸਿੰਘ ਸਰਦਾਰ ਨਗਰ | ੫੦-੦੦ |
| ਗੁਪਤ ਦਾਨ | ੧੦੫-੦੦ | ਭਾ: ਸਾਧੂ ਸਿੰਘ ਰੂਪੋਵਾਲ | ੨੦-੦੦ |
| ਬੀ ਐਸ ਚਢਾ ਸਲੋਅ ਯੂ ਕੇ. | ੧੫੦-੦੦ | ਭਾ: ਜੋਗਿੰਦਰ ਸਿੰਘ ਰਾਜਪੁਰਾ | ੫੧-੦੦ |
| ਬੀਬੀ ਪਤਬੀਰ ਕੌਰ ਰਾਜਪੁਰਾ | ੫੦-੦੦ | ਸ: ਪਰਮਜੀਤ ਸਿੰਘ ਪਾਉਂਟਾ ਸਾਹਿਬ | ੨੭੪-੩੦ |

---

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) (ਲੋਕਲ ਪ੍ਰੋਗਰਾਮ) ਸ੍ਰੀ ਅਖੰਡਪਾਠ 5 ਤੋਂ 7 ਮਾਰਚ, ਉਪ੍ਰੰਤ ਕੀਰਤਨ, ਭਾ: ਰਘਬੀਰ ਸਿੰਘ ਬੀਬੀ ਨਿਰਮਲ ਕੌਰ *7-Borrow Dale Dr.*-ਲਮਿੰਗਟਨ-ਸਪਾ, ਫ਼ੋਨ 0926-235466

(2) 20 ਮਾਰਚ ਰੈਣ ਸਬਾਈ ਕੀਰਤਨ ਗੁਰਦਵਾਰਾ ਗੁਰੂ ਨਾਨਕ ਵੈਸਟ ਬ੍ਰਮਵਿਚ ਸਟਰੀਟ, ਵਾਲਸਾਲ ਫ਼ੋਨ ਗੁਰਦਵਾਰਾ 0922-22199, ਸ: ਨਰਿੰਦਰ ਸਿੰਘ 0922-193558

**ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 0734-262900)**

*Bhai Gurnam Singh, 10-Lambourne Gardens, Earley, Reading, Berk, U.K.*

www.AKJ.Org

**ਵੈਸਾਖੀ ਸ੍ਰੀ ਅੰਮ੍ਰਿਤਸਰ ਵਿਖੇ**—੧੧ ਅਪ੍ਰੈਲ ਤੋਂ ੧੪ ਅਪ੍ਰੈਲ ਸਵੇਰ ਤਕ, ਅਨੰਦ ਕਾਰਜ ੧੧ ਅਪ੍ਰੈਲ ਸਵੇਰੇ ਗੁ: ਸ਼ਹੀਦਗੰਜ ਬੀ ਬਲਾਕ ਵਿਖੇ--ਪੂਰਾ ਵੇਰਵਾ ਅਪ੍ਰੈਲ 'ਸੂਰਾ' ਵਿਚ।

ਗੋਪਾਲਪੁਰ (ਰਾਜਪੁਰਾ)ਵਿਖੇ ਭੋਗ ਅਖੰਡ ਪਾਠ ਉਪ੍ਰੰਤ ਕੀਰਤਨ,ਰਾਤ ਰੈਣ ਸਬਾਈ ਕੀਰਤਨ ੬ ਮਾਰਚ

ਮਾਸਕ ਰੈਣ ਸਬਾਈ, ਬੁਢੇਵਾਲ ਨੇੜੇ ਜੰਡਾਲੀ (ਲੁਧਿਆਣਾ) ਭਾ: ਸੰਤੋਖ ਸਿੰਘ, ੧੩ ਮਾਰਚ

ਤ੍ਰਸਿੱਕਾ (ਅੰਮ੍ਰਿਤਸਰ) ਭਾਈ ਵਿਰਸਾ ਸਿੰਘ ਦੇ ਗ੍ਰਹਿ ਸ੍ਰੀ ਅਖੰਡਪਾਠ ੧੨ ਤੋਂ ੧੪ ਮਾਰਚ

ਮਨਸੂਰ ਪੁਰ (ਦਸੂਹਾ) ਭੋਗ ਅਖੰਡਪਾਠ ਉਪ੍ਰੰਤ ਕੀਰਤਨ ਦੁਪਹਿਰ ਤਕ ੧੪ ਮਾਰਚ

ਬਲੋਲਪੁਰ (ਬਟਾਲਾ-ਡੇਰਾ ਬਾਬਾ ਨਾਨਕ ਰੋਡ) ਵਿਖੇ ਡਾ: ਬਸੰਤ ਸਿੰਘ ਜੀ ਦੀ ਯਾਦ ਵਿਚ ਸਮਾਗਮ

੨੦ ਮਾਰਚ ਸਵੇਰੇ ਭੋਗ ਅਖੰਡਪਾਠ, ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ ਕੀਰਤਨ

ਕੁਰਾਲੀ ਗੁ: ਸ੍ਰੀ ਹਰਗੋਬਿੰਦ ਗੜ੍ਹ ਮੁਰਿੰਡਾ ਰੋਡ ਵਿਖੇ ਸਾਲਾਨਾ ਸਮਾਗਮ

੨੦ ਮਾਰਚ ਭੋਗ ਅਖੰਡ ਪਾਠ, ਦੁਪਹਿਰ ਤਕ ਕੀਰਤਨ, ਸ਼ਾਮ ਅੰਮ੍ਰਿਤ ਸੰਚਾਰ, ਰੈਣ ਸਬਾਈ ਕੀਰਤਨ

ਮੇਰਠ, ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਵਿਖੇ ਸਾਲਾਨਾ ਸਮਾਗਮ

੨੦ ਮਾਰਚ ਸਵੇਰ ਤੋਂ ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ ਕੀਰਤਨ

ਕੁਰਾਲਾ (ਹੁਸ਼ਿਆਰਪੁਰ) ਵਿਖੇ ਸ਼ਹੀਦ ਅਵਤਾਰ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਸਮਾਗਮ

੨੦ ਮਾਰਚ ਭੋਗ ਅਖੰਡਪਾਠ, ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ ਕੀਰਤਨ

ਨਵੀਂ ਦਿੱਲੀ-੪੮ ਵਿਖੇ ਸ: ਗਿਆਨ ਸਿੰਘ ਦੀਆਂ ਦੋ ਬੱਚੀਆਂ ਦੇ ਅਨੰਦ ਕਾਰਜ

੨੧ ਮਾਰਚ ਸਵੇਰੇ ਆਸਾ ਦੀ ਵਾਰ ਉਪ੍ਰੰਤ ੧੧ ਵਜੇ ਅਨੰਦ ਕਾਰਜ ਐਸ-੧੯੫, ਗ੍ਰੇਟਰ ਕੈਲਾਸ਼ II ਵਿਖੇ

ਬਾਬਾ ਬਕਾਲਾ ਗੁ: ਭੋਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਵਿਖੇ ਸਾਲਾਨਾ ਸਮਾਗਮ

੨੭ ਮਾਰਚ ਭੋਗ ਅਖੰਡਪਾਠ, ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ ਕੀਰਤਨ

ਕੋਟਲਾ ਸੂਰਜਮਲ (ਨੇੜੇ ਸ਼ਾਹਕੋਟ) ਭਾ: ਜਰਨੈਲ ਸਿੰਘ, ਰੈਣ ਸਬਾਈ ਕੀਰਤਨ ੨੭ ਮਾਰਚ

ਰਾ ਪੁਰ (ਨੇੜੇ ਚਲਾਂਗ) ਭਾ: ਮਹਿੰਦਰ ਸਿੰਘ, ਭੋਗ ਅਖੰਡਪਾਠ ਕੀਰਤਨ ਰੈਣ ਸਬਾਈ ੨੭ ਮਾਰਚ

ਨੈਨੋਕੋਟ (ਗੁਰਦਾਸਪੁਰ) ਭਾ:ਜੋਗਿੰਦਰ ਸਿੰਘ,ਸਵੇਰੇ ਭੋਗ ਅਖੰਡਪਾਠ,ਦੁਪਹਿਰ ਤਕ ਕੀਰਤਨ ੨੮ ਮਾਰਚ

ਲੁਧਿਆਣਾ (ਨੇੜੇ ਪਿੰਡ ਸੁਨੇਤ) ਵਿਖੇ ਸ਼ਹੀਦ ਗੁਰਚਰਨ ਸਿੰਘ ਦੀ ਯਾਦ ਵਿਚ ਸਮਾਗਮ

੨੮ ਮਾਰਚ ਭੋਗ ਅਖੰਡ ਪਾਠ ਤੇ ਦਿਵਸ ਸੁਹੇਲਾ ਕੀਰਤਨ ਵੀਰ ਪਰਵਾਰ ਵਲੋਂ ੬੪ ਗੁਰੂ ਅਮਰਦਾਸ ਨਗਰ ਵਿਖੇ

ਫਰੀਦਕੋਟ ਗੁ: ਸਿੰਘ ਸਭਾ ਵਿਖੇ ਰੈਣ ਸਬਾਈ ਕੀਰਤਨ ੩ ਅਪ੍ਰੈਲ

ਲੁਧਿਆਣਾ ਗੁ: ਸ੍ਰੀ ਗੁਰੂ ਕਲਗੀਧਰ ਸਿੰਘ ਸਭਾ ਵਿਚ ਰੈਣ ਸਬਾਈ ਕੀਰਤਨ ੩ ਅਪ੍ਰੈਲ

ਪ੍ਰੇਮਪੁਰ(ਲਾਗੇ ਪਿੰਡ ਸੱਲਾਂ,(ਟਾਂਡਾ ਉੜਮੁੜ)ਭੁਲਾਸਿੰਘ,ਭੋਗ ਅਖੰਡਪਾਠਕੀਰਤਨ ਰੈਣ ਸਬਾਈ ੩ ਅਪ੍ਰੈਲ

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ—

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, 390 ਅਜੀਤ ਨਗਰ, ਸ੍ਰੀ ਅੰਮ੍ਰਿਤਸਰ--143006

www.AKJ.Org